**Sikh of America World Competition**
**ਸਿੱਖ ਆਫ ਅਮੈਰਿਕਾ ਅੰਤਰਾਸ਼ਟਰੀ ਮੁਕਾਬਲਾ**

**ਨੋਟ: ਸਵਾਲ ਸੰਖੇਪ ਵਿੱਚ ਪੁੱਛੇ ਜਾਣਗੇ। ਜਵਾਬ ਵਿਸਥਾਰ ਵਿੱਚ ਦਿੱਤੇ ਜਾਣ।**

ਮਹਾਰਾਜਾ ਰਣਜੀਤ ਸਿੰਘ
ਪ੍ਰ1.ਮਹਾਰਾਜਾ ਰਣਜੀਤ ਸਿੰਘ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਸੀ?
ਉ1.ਮਹਾਰਾਜਾ ਰਣਜੀਤ ਸਿੰਘ ਨੂੰ ਸ਼ੇਰੇ-ਪੰਜਾਬ ਦੇ ਨਾਮ ਨਾਲ ਜਾਣਿਆ ਜਾਂਦਾ ਸੀ।ਵਿਸਾਖੀ ਦੇ ਦਿਹਾੜੇ ਤੇ 11 ਸਿੱਖ ਮਿਸਲਾਂ ਨੂੰ ਮਿਲਾ ਕੇ ਉਸ ਨੇ ਸਰਕਾਰ ਏ ਖਾਲਸਾ ਦੇ ਨਾਮ ਹੇਠ ਖਾਲਸਾ(1799-1839) ਰਾਜ ਦੀ ਸਥਾਪਨਾ ਕੀਤੀ।

ਪ੍ਰ2; ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ?
ਉ2;ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਨੂੰ ਗੁਜਰਾਂਵਾਲੇ ਹੋਇਆ ਜੋ ਅਜਕਲ ਪਾਕਿਸਤਾਨ ਵਿੱਚ ਹੈ।ਉਹਨਾਂ ਦਾ ਜਨਮ ਸੰਧਾਵਾਲੀਏ ਜੱਟ ਸਿਖ ਪਰਿਵਾਰ ਵਿਚ ਸਰਦਾਰ ਮਹਾਂ ਸਿੰਘ ਸ਼ੁਕਰਚਕੀਆ ਤੇ ਮਾਈ ਰਾਜ ਕੌਰ ਦੇ ਘਰ ਹੋਇਆ।ਉਸ ਸਮੇਂ ਸਿੱਖ ਮਿਸਲਾਂ ਵਿਚ ਵੰਡੇ ਹੋਏ ਸਨ।ਰਣਜੀਤ ਸਿੰਘ ਦੇ ਦਾਦਾ ਸਰਦਾਰ ਚੜਤ ਸਿੰਘ ਸ਼ੁਕਰਚੱਕੀਆ ਸਨ।ਉਹ ਸਰਦਾਰ ਨੌਧ ਸਿੰਘ ਦੇ ਪੜਪੋਤੇ ਸਨ।ਉਹਨਾਂ ਦੇ ਵਡੇਰੇ ਬਾਬਾ ਬੁੱਧ ਜੀ ਪਹਿਲੇ ਅੰਮ੍ਰਿਤ ਪਾਣ ਕਰਨ ਵਾਲੇ ਸਿੱਖਾਂ ਵਿਚੋਂ ਇੱਕ ਸਨ।

ਪ੍ਰ3; ਸਰਦਾਰ ਬੁੱਧ ਸਿੰਘ ਕੋਲ ਕਿੰਨੀ ਜਮੀਨ ਸੀ?
ਉ3;ਉਹਨਾਂ ਕੋਲ 25 ਏਕੜ ਜਮੀਨ ਸੀ ਜਿਸ ਉਪਰ ਉਹਨਾਂ ਅੰਮ੍ਰਿਤਸਰ ਜਿਲੇ ਵਿੱਚ ਸ਼ੁਕਰਚਕੀਆ ਪਿੰਡ ਵਸਾਇਆ।
ਸਰਦਾਰ ਨੌਧ ਸਿੰਘ ਦਾ ਵਿਆਹ ਸਰਦਾਰਨੀ ਲਾਲੀ ਕੌਰ ਸਪੁੱਤਰੀ ਸਰਦਾਰ ਗੁਲਾਬ ਸਿੰਘ ਮਜੀਠੀਆ ਨਾਲ ਹੋਇਆ।(ਮੌਤ 1752)
ਸਰਦਾਰ ਚੜਤ ਸਿੰਘ ਦਾ ਵਿਆਹ ਸਰਦਾਰਨੀ ਦੇਸਾਂ ਕੌਰ ਪੁਤਰੀ ਸਰਦਾਰ ਅਮੀਰ ਸਿੰਘ ਵੜੈਚ ਨਾਲ ਹੋਇਆ। (ਮੌਤ 1770)
ਸਰਦਾਰ ਮਹਾਂ ਸਿੰਘ ਦਾ ਵਿਆਹ ਜੀਂਦ ਰਾਜ ਦੀ ਰਾਜ ਕੌਰ ਤੇ ਸਰਦਾਰ ਜੈ ਸਿੰਘ ਦੀ ਬੇਟੀ ਮਾਈ ਕੌਰ ਨਾਲ ਹੋਇਆ।
ਮਹਾਂਰਾਜਾ ਰਣਜੀਤ ਸਿੰਘ ਦੀਆਂ 20 ਪਤਨੀਆਂ ਸਨ।

ਪ੍ਰ4;ਉਸ ਸਮੇਂ ਦਿੱਲੀ ਵਿਚ ਕਿਹੜੇ ਕਿਹੜੇ ਮੁਗਲ ਹੋਏ?
ਉ4; 1.ਸ਼ਾਹ ਆਲਮ ਦੂਸਰਾ( ਮਿਰਜਾ ਅਬਦੁਲ ਅਲੀ ਗੌਹਰ1759-1806)
2.ਅਕਬਰ ਸ਼ਾਹ ਦੂਸਰਾ (1806 1837)
3.ਬਹਾਦੁਰ ਸ਼ਾਹ ਜਫਰ (1837 1858) ਰੰਗੂਨ ਵਿਚ ਦੇਸ਼ ਨਿਕਾਲੇ ਦੌਰਾਨ ਮੌਤ।

ਪ੍ਰ5; ਉਸ ਸਮੇ ਅੰਗਰੇਜ ਰਾਜ ਦੇ ਕਿਹੜੇ ਕਿਹੜੇ ਸ਼ਾਸ਼ਕ ਹੋਏ?
ਉ5; 1.ਜੌਰਜ ਤੀਸਰਾ(1760 1820)
2. ਜੌਰਜ ਚੌਥਾ (1820 1830)
3. ਵਿਲੀਅਮ ਚੌਥਾ (1830 1837)
4. ਰਾਣੀ ਵਿਕਟੋਰੀਆ(1837 1901)

ਪ੍ਰ6; ਉਸ ਸਮੇ ਚੀਨ ਦੇ ਕਿਹੜੇ ਕਿਹੜੇ ਸ਼ਾਸ਼ਕ ਹੋਏ?
ਉ6; 1.ਬਾਦਸ਼ਾਹ ਜਿਆਕਿੰਗ(1797 1820)
2. ਬਾਦਸ਼ਾਹ ਦਾਓਗੁਆਂਗ

ਪ੍7; ਉਸ ਸਮੇਂ ਇਰਾਨੀ ਕਜਰ ਰਾਜ ਦੇ ਕਿਹੜੇ ਕਿਹੜੇ ਸ਼ਾਸਕ ਹੋਏ?
ਉ7; 1.ਫਤਹਿ ਅਲੀ ਸ਼ਾਹ ਕਜਰ (1797 1834)
2. ਮੁਹੰਮਦ ਸ਼ਾਹ ਕਜਰ (1834 1848)

ਪ੍8: ਉਸ ਸਮੇ ਫਰਾਂਸ ਦੇ ਕਿਹੜੇ ਕਿਹੜੇ ਸ਼ਾਸਕ ਹੋਏ?
ਉ8: 1. ਨਪੋਲੀਅਨ (1804 1814)
2. ਲੂਈਸ ਅਠਾਰਵਾਂ (1814 1815)
3. ਨਪੋਲੀਅਨ (1815 )
4. ਨਪੋਲੀਅਨ ਦੂਸਰਾ (1815)
5. ਲੂਈਸ ਅਠਾਰਵਾਂ (1815 1824)
6. ਚਾਰਲਸ ਦਸਵਾਂ (1824 1830)
7. ਲੂਈਸ ਫਿਲਿਪ (1830 1848)

ਪ੍9. ਉਸ ਸਮੇ ਪਟਿਆਲਾ ਸ਼ਾਸਕਾਂ ਦੇ ਨਾਮ?
ਉ9: 1 ਰਾਜਾ ਸਾਹਿਬ ਸਿੰਘ (1781 1813)
2. ਰਾਜਾ ਕਰਮ ਸਿੰਘ (1813 1845)

ਪ੍10 ਉਸ ਸਮੇ ਜੀਂਦ ਰਿਆਸਤ ਦੇ ਸ਼ਾਸਕ?
ਉ10 1.ਰਾਜਾ ਭਾਗ ਸਿੰਘ (1789 1819)
2. ਰਾਜਾ ਫਤਹਿ ਸਿੰਘ (1819 1822)
3.ਰਾਜਾ ਸੰਗਤ ਸਿੰਘ (1822 1834)
4. 1834 ਤੋਂ 1837 ਕੋਈ ਨਹੀ
5. ਰਾਜਾ ਸਰੂਪ ਸਿੰਘ (1837 1864)

ਪ੍11 ਨਾਭਾ ਰਿਆਸਤ ਦੇ ਸ਼ਾਸਕ?
ਉ11 ਰਾਜਾ ਜਸਵੰਤ ਸਿੰਘ (1783 1840)

ਪ੍12 ਫਰੀਦਕੋਟ ਰਿਆਸਤ ਦੇ ਸ਼ਾਸਕ?
ਉ12 1. ਸਰਦਾਰ ਚੜਤ ਸਿੰਘ (1798 1804)
2.ਸਰਦਾਰ ਗੁਲਾਬ ਸਿੰਘ ( 1804 1826)
3. ਸਰਦਾਰ ਅਤਰ ਸਿੰਘ (1826 1827)
4. ਸਰਦਾਰ ਪਹਾੜ ਸਿੰਘ (1827 1849)

ਪ੍13 ਰਣਜੀਤ ਸਿੰਘ ਦਾ ਪਿਤਾ ਕੌਣ ਸੀ?
ਉ13 ਮਹਾਂ ਸਿੰਘ ਸ਼ੁਕਰਚਕੀਆ ਮਿਸਲ ਦਾ ਮਿਸਲਦਾਰ ਸੀ ਜੋ ਗੁਜਰਾਂਵਾਲਾ ਦੇ ਆਸਪਾਸ ਪੱਛਮੀ ਪੰਜਾਬ ਦਾ ਸ਼ਾਸਕ ਸੀ।12 ਸਾਲ ਦੀ ਉਮਰ ਵਿਚ ਰਣਜੀਤ ਸਿੰਘ ਦੇ ਪਿਤਾ ਦੀ ਮੌਤ ਹੋ ਗਈ ।ਬਚਪਨ ਵਿਚ ਚੇਚਕ ਦੀ ਵਜ੍ਹਾ ਨਾਲ ਖੱਬੀ ਅੱਖ ਦੀ ਰੌਸ਼ਨੀ ਚਲੀ ਗਈ।ਪਿਤਾ ਦੀ ਮੌਤ ਤੋਂ ਬਾਦ ਕਨਈਆ ਮਿਸਲ ਦੀ ਸਦਾ ਕੌਰ ਨੇ ਰਣਜੀਤ ਸਿੰਘ ਦੀ ਪਰਵਰਿਸ਼ ਕੀਤੀ।

ਪ੍14 ਕਿੰਨੀ ਉਮਰ ਵਿਚ ਰਣਜੀਤ ਸਿੰਘ ਸ਼ੁਕਰਚਕੀਆ ਮਿਸਲ ਦਾ ਸਰਦਾਰ ਬਣਿਆਂ?
ਉ14ः 18 ਸਾਲ ਦੀ ਉਮਰ। 1796 ਵਿਚ ਉਹਨਾਂ ਦਾ ਵਿਆਹ ਸਰਦਾਰ ਗੁਰਬਖਸ਼ ਸਿੰਘ ਸੰਧੂ ਦੀ ਪੁਤਰੀ ਮਹਿਤਾਬ ਕੌਰ ਨਾਲ ਹੋਇਆ।1798 ਵਿਚ ਉਹਨਾਂ ਦਾ ਵਿਆਹ ਨਕਈ ਮਿਸਲ ਦੇ ਸਰਦਾਰ ਰਣ ਸਿੰਘ ਦੀ ਪੁਤਰੀ ਰਾਜ ਕੌਰ ਨਾਲ ਹੋਇਆ।

ਪ੍15 ਉਸਦੀ ਮੌਤ ਕਦੋਂ ਹੋਈ?
ਉ15 ਮਹਾਨ ਯੋਧੇ, ਅਣਖੀਲੇ ਜਰਨੈਲ, ਪੰਜਾਬ ਦੇ ਮੁਕਤੀਦਾਤੇ ਤੇ ਕਾਬਲ ਸ਼ਾਸਕ ਦੀ ਮੌਤ 27 ਜੂਨ 1839 ਨੂੰ ਹੋਈ।ਉਸਦੀ ਸਮਾਧ ਲਾਹੌਰ ਵਿਚ ਹੈ।ਕਈ ਮੁਹਿੰਮਾਂ ਤੋਂ ਬਾਦ ਸਿੱਖ ਸਰਦਾਰਾਂ ਨੇ ਉਸ ਨੂੰ ਆਪਣਾ ਲੀਡਰ ਮੰਨ ਲਿਆ।ਸਾਰੀਆਂ ਮਿਸਲਾਂ ਨੂੰ ਮਿਲਾ ਕੇ ਉਸਨੇ 12 ਅਪ੍ਰੈਲ 1801 ਨੂੰ ਵਿਸਾਖੀ ਵਾਲੇ ਦਿਨ ਖਾਲਸਾ ਰਾਜ ਦੀ ਸਥਾਪਨਾ ਕੀਤੀ ਤੇ ਲਾਹੌਰ ਨੂੰ ਆਪਣੀ ਰਾਜਧਾਨੀ ਬਣਾਇਆ।

ਪ੍16 ਉਸਨੇ ਪਵਿਤਰ ਸ਼ਹਿਰ ਅੰਮ੍ਰਿਤਸਰ ਤੇ ਕਦੋਂ ਕਬਜਾ ਕੀਤਾ?
ਉ16 ਸਰਦਾਰ ਗੁਲਾਬ ਸਿੰਘ ਦੀ ਵਿਧਵਾ ਮਾਈ ਸੁੱਖਾਂ ਦੀ ਫੌਜ ਨੂੰ ਹਰਾ ਕੇ 1802 ਵਿਚ ਉਸਨੇ ਅੰਮ੍ਰਿਤਸਰ ਉਪਰ ਕਬਜਾ ਕੀਤਾ।ਉਸਨੇ ਧਰਮ ਨਿਰਪੱਖ ਰਾਜ ਕਰਦਿਆਂ ਮੁਸਲਿਮ ਸ਼ਾਸਕਾਂ ਦੁਆਰਾ ਲਗਾਇਆ ਜਜੀਆ ਖਤਮ ਕੀਤਾ।ਉਸਨੇ ਕਦੇ ਨਾ ਹਾਰਨ ਵਾਲੇ ਮਹਾਨ ਜਰਨੈਲਾਂ ਨੂੰ ਆਪਣੀ ਫੌਜ ਦੇ ਕਮਾਂਡਰ ਨਿਯੁਕਤ ਕੀਤਾ।

ਪ17 ਮਹਾਰਾਜਾ ਰਣਜੀਤ ਸਿੰਘ ਦੀ ਬਹੁਗਿਣਤੀ ਪ੍ਰਜਾ ਕੀ ਸੀ
ੳ17 ਮਹਾਰਾਜਾ ਰਣਜੀਤ ਸਿੰਘ ਦੀ ਬਹੁਗਿਣਤੀ ਪ੍ਰਜਾ ਮੁਸਲਮਾਨ ਸੀ ਤੇ ਰਾਜਾ ਉਨ੍ਹਾਂ ਨਾਲ ਬੜਾ ਨਰਮ ਵਰਤਾਓ ਕਰਦਾ ਸੀਉਹ ਉਨ੍ਹਾਂ ਦੇ ਧਰਮ ਰੀਤੀ ਰਿਵਾਜਾਂ ਅਤੇ ਤਿਉਹਾਰਾਂ ਦੀ ਬਹੁਤ ਇੱਜ਼ਤ ਕਰਦਾ ਸੀਉਹ ਏਸ਼ੀਆ ਦਾ ਪਹਿਲਾ ਸ਼ਾਸਕ ਸੀ ਜਿਸ ਨੇ ਯੂਰਪ ਦੇ ਪੱਧਰ ਤੇ ਆਪਣੀ ਸੈਨਾ ਨੂੰ ਤਿਆਰ ਕੀਤਾ ਅਤੇ ਆਪਣੀ ਫ਼ੌਜ ਵਿੱਚ ਉੱਚ ਅਹੁਦਿਆਂ ਤੇ ਵੱਖ ਵੱਖ ਧਰਮਾਂ ਨਾਲ ਸੰਬੰਧਿਤ ਜਰਨੈਲਾਂ ਨੂੰ ਬਿਠਾਇਆਉਸ ਦੇ ਰਾਜ ਵਿੱਚ ਲੋਕਾਂ ਦੇ ਧਰਮ ਨੂੰ ਨਹੀਂ ਬਲਕਿ ਕਾਬਲੀਅਤ ਨੂੰ ਸਤਿਕਾਰਿਆ ਜਾਂਦਾ ਸੀਉਸ ਦੇ ਰਾਜ ਵਿੱਚ ਸਿੱਖਾਂ ਦੀ ਗਿਣਤੀ ਲਗਭਗ ਦਸ ਫੀਸਦੀ ਸੀ ਜੋ ਪੰਜਾਬ ਦੇ ਵਿਚਲੇ ਇਲਾਕੇ ਜਿਵੇਂ ਕਿ ਅੰਮ੍ਰਿਤਸਰ ਤਰਨਤਾਰਨ ਲਾਹੌਰ ਕਸੂਰ ਜਲੰਧਰ ਕਪੂਰਥਲਾ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਵਿੱਚ ਵਸੇ ਸਨ।

ਪ18 , ਕੀ ਮਹਾਰਾਜਾ ਦੇ ਕਰਿੰਦੇ ਉਸ ਦੀ ਇਜ਼ੱਤ ਕਰਦੇ ਸਨ?
ੳ18 , ਮਹਾਰਾਜੇ ਦੇ ਕਰਿੰਦਿਆਂ ਦੁਆਰਾ ਉਸ ਦੀ ਇੱਜ਼ਤ ਦਾ ਇੱਕ ਨਮੂਨਾ ਸਿੱਖ ਰਾਜ ਦੇ ਮੁਸਲਮਾਨ ਵਿਦੇਸ਼ ਮੰਤਰੀ ਰਹੇ ਫ਼ਕੀਰ ਅਜ਼ੀਜ਼ੂਦੀਨ ਦੀ ਆਕਲੈਂਡ ਦੇ ਅਰਲ ਜੌਰਜ ਈਡਨ ਨਾਲ ਹੋਈ ਗੱਲਬਾਤ ਤੋਂ ਮਿਲਦਾ ਹੈ ਜਦੋਂ ਜੌਰਜ ਈਡਨ ਵਿਦੇਸ਼ ਮੰਤਰੀ ਨੂੰ ਪੁੱਛਦਾ ਹੈ ਕਿ ਮਹਾਰਾਜਾ ਦੀ ਇੱਕ ਅੱਖਦੀ ਰੌਸ਼ਨੀ ਕਿਵੇਂ ਗਈ ਤਾਂ ਅਜ਼ੀਜ਼ੂਦੀਨ ਜਵਾਬ ਦਿੰਦਾ ਹੈ ਕਿ ਮਹਾਰਾਜਾ ਇੱਕ ਸੂਰਜ ਦੀ ਤਰ੍ਹਾਂ ਹੈ। ਉਸ ਦੀ ਇੱਕ ਅੱਖ ਦੀ ਰੌਸ਼ਨੀ ਹੀ ਏਨੀ ਹੈ ਕਿ ਕੋਈ ਦੂਸਰੀ ਅੱਖ ਵੱਲ ਝਾਕਣ ਦੀ ਜੁਰਤ ਨਹੀਂ ਕਰਦਾ। ਬਚਪਨ ਵਿੱਚ ਚੇਚਕ ਦੀ ਬਿਮਾਰੀ ਕਾਰਨ ਰਣਜੀਤ ਸਿੰਘ ਦੀ ਅੱਖ ਦੀ ਰੌਸ਼ਨੀ ਚਲੀ ਗਈ ਸੀ ਪਰ ਇਸ ਖਿੱਤੇ ਤੇ ਰਾਜ ਕਰਨ ਵਾਲੇ ਮਹਾਰਾਜੇ ਨੇ ਕਦੀ ਵੀ ਇਸ ਦਾ ਦੁੱਖ ਜ਼ਾਹਰ ਨਹੀਂ ਕੀਤਾ ਸਗੋਂ ਉਹ ਕਹਿੰਦਾ ਸੀ ਕਿ ਇੱਕ ਅੱਖ ਦੇ ਨਾਲ ਉਹ ਦੁਨੀਆਂ ਨੂੰ ਚੰਗੇ ਢੰਗ ਨਾਲ ਦੇਖ ਸਕਦਾ ਹੈ।

ਪ19 ਗਵਰਨਰ ਜਨਰਲ ਨੇ ਇਸ ਗੱਲ ਦਾ ਜਵਾਬ ਕਿਵੇਂ ਦਿੱਤਾ?
ੳ19 ਇਹ ਜਵਾਬ ਸੁਣ ਕੇ ਗਵਰਨਰ ਜਨਰਲ ਖੁਸ਼ ਹੋਇਆ ਤੇ ਉਸ ਨੇ ਸ਼ਿਮਲਾ ਵਿੱਚ ਚੱਲ ਰਹੀ ਮੀਟਿੰਗ ਦੌਰਾਨ ਆਪਣੇ ਗੁੱਟ ਤੇ ਬੱਝੀ ਸੋਨੇ ਦੀ ਖੜ੍ਹੀ ਵਿਦੇਸ਼ ਮੰਤਰੀ ਨੂੰ ਤੋਹਫੇ ਵੱਜੋਂ ਦਿੱਤੀ। ਮਹਾਰਾਜਾ ਇੱਕ ਧਰਮ ਨਿਰਪੱਖ ਸ਼ਾਸਕ ਸੀ ਜੋ ਹਿੰਦੂ ਸਿੱਖਾਂ ਮੁਸਲਮਾਨਾਂ ਅਤੇ ਅਧਰਮੀਆਂ ਨਾਲ ਇੱਕੋ ਜਿਹਾ ਵਰਤਾਅ ਕਰਦਾ ਸੀ।ਇਸ ਰਾਜ ਦੇ ਖਾਲਸਾ ਹੋਣ ਦੀ ਇਕ ਹੀ ਨਿਸ਼ਾਨੀ ਸੀ ਕਿ ਮਹਾਰਾਜਾ ਇੱਕ ਸਿੱਖ ਪਰਿਵਾਰ ਨਾਲ ਸਬੰਧ ਰੱਖਦਾ ਸੀ ਤੇ ਫੌਜ ਵਿੱਚ ਸਿੱਖ ਜਰਨੈਲਾਂ ਦਾ ਦਬਦਬਾ ਪੂਰੀ ਤਰ੍ਹਾਂ ਕਾਇਮ ਸੀ।

ਪ20 ਕੀ ਮਹਾਰਾਜ ਨੇ ਆਪਣੀ ਪਰਜਾ ਉੱਪਰ ਸਿੱਖ ਧਰਮ ਥਾਪਿਆ?
ੳ20 ਮਹਾਰਾਜਾ ਨੇ ਅਫਗਾਨ ਅਤੇ ਮੁਗਲ ਸ਼ਾਸਕਾਂ ਦੀ ਤਰ੍ਹਾਂ ਕਦੀ ਵੀ ਅਜਿਹਾ ਨਹੀਂ ਕੀਤਾ।ਮਹਾਰਾਜ ਨੇ ਇਕ ਅਜਿਹਾ ਰਾਜ ਕਾਇਮ ਕੀਤਾ ਜੋ ਸਿੱਖੀ ਦੀ ਪਰੰਪਰਾ ਦੇ ਉੱਪਰ ਆਧਾਰਤ ਸੀ।ਇੱਥੇ ਹਰ ਕੋਈ ਬਿਨਾਂ ਕਿਸੇ ਧਰਮ ਦੇ ਭੇਦਭਾਵ ਦੇ ਬਰਾਬਰ ਦਾ ਦਰਜਾ ਰੱਖਦਾ ਸੀ।ਉਸ ਦੀ ਪਰਜਾ ਧਰਮ ਨਹੀਂ ਬਲਕਿ ਪੰਜਾਬੀ ਸੱਭਿਆਚਾਰ ਦੇ ਨਾਂ ਉੱਪਰ ਇੱਕ ਸੀ ਅਤੇ ਜਦੋਂ ਉਹ ਅਖੀਰੀ ਸਮੇਂ ਮੰਜੇ ਤੇ ਪੈ ਗਿਆ ਤਾਂ ਵੀ ਉਹ ਆਪਣੀ ਪਰਜਾ ਦੀ ਬਿਹਤਰੀ ਬਾਰੇ ਹੀ ਫਿਕਰ

ਕਰਦਾ ਸੀ।ਮਹਾਰਾਜੇ ਦੇ ਇੱਕ ਜਰਨੈਲ ਗੁਰਮੁੱਖ ਸਿੰਘ ਲੰਬਾ ਦੇ ਬੋਲ "ਅਖੀਰੀ ਸਮੇਂ ਬਿਸਤਰ ਤੇ ਲੇਟੇ ਹੋਏ ਮਹਾਰਾਜੇ ਨੇ ਆਪਣੇ ਰਾਜ ਵਿੱਚ ਸ਼ਾਂਤੀ ਅਤੇ ਸਦਭਾਵਨਾ ਦਾ ਮਾਹੌਲ ਮੁੜ ਸੁਰਜੀਤ ਕਰਨ ਵਾਸਤੇ ਆਪਣੇ ਪੁੱਤਰ ਸਰਦਾਰ ਖੜਕ ਸਿੰਘ ਨੂੰ ਭੇਜਿਆ"ਇਸ ਗੱਲ ਦੀ ਗਵਾਹੀ ਭਰਦੇ ਹਨ।

ਪ21 ਕੀ ਮਹਾਰਾਜਾ ਰਣਜੀਤ ਸਿੰਘ ਜਨਮ ਤੋਂ ਹੀ ਸੂਰਮਾ ਸੀ?
ੳ21 ਕਵੀ ਸ਼ਾਹ ਮੁਹੰਮਦ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਜਨਮ ਤੋਂ ਹੀ ਇੱਕ ਸੂਰਮਾ ਸੀ ਉਸਨੇ ਕਸ਼ਮੀਰ ਮੁਲਤਾਨ ਪੇਸ਼ਾਵਰ ਅਤੇ ਚੰਬਾ ਕਾਂਗੜਾ ਅਤੇ ਜੰਮੂ ਆਪਣੇ ਅੱਗੇ ਝੁਕਾਏ ।ਉਸ ਨੇ ਆਪਣੇ ਰਾਜ ਦੀਆਂ ਹੱਦਾਂ ਲੱਦਾਖ ਅਤੇ ਚੀਨ ਤੱਕ ਪਹੁੰਚਾ ਉਥੇ ਆਪਣਾ ਸਿੱਕਾ ਚਲਾਇਆ।ਪੂਰੇ ਪੰਜਾਹ ਸਾਲ ਉਸ ਨੇ ਤਾਕਤਵਰ ਤਸੱਲੀ ਬਖਸ਼ ਅਤੇ ਸ਼ਕਤੀਸ਼ਾਲੀ ਰਾਜ ਕੀਤਾ।ਸ਼ਾਹ ਮੁਹੰਮਦ ਮੁਤਾਬਕ ਸਰਕਾਰ ਏ ਖਾਲਸਾ ਵਿੱਚ ਮੁਸਲਮਾਨਾਂ ਨੂੰ ਬਣਦਾ ਸਤਿਕਾਰ ਦਿੱਤਾ ਗਿਆ ਇਸ ਤੋਂ ਪਹਿਲਾਂ ਉਹ ਅਫਗਾਨ ਅਰਬ ਪਸ਼ਤੂਨ ਈਰਾਨੀਆਂ ਅਤੇ ਤੁਰਕਾਂ ਉੱਪਰ ਨਿਰਭਰ ਸਨ ਜਿਨ੍ਹਾਂ ਨੇ ਹਮੇਸ਼ਾ ਇਨ੍ਹਾਂ ਨੂੰ ਧੋਖਾ ਦਿੱਤਾ।

ਪ22 ਮਹਾਰਾਜਾ ਰਣਜੀਤ ਸਿੰਘ ਨੇ ਅਜਿਹਾ ਕਿ ਉਸਾਰਿਆ ਜੋ ਕਦੇ ਭੁਲਾਇਆ ਨਹੀਂ ਜਾ ਸਕਦਾ?
ੳ22 ਮਹਾਰਾਜਾ ਰਣਜੀਤ ਸਿੰਘ ਨੇ ਇੱਕ ਅਜਿਹੀ ਸੈਨਾ ਤਿਆਰ ਕੀਤੀ ਜਿਸ ਦੀ ਮਦਦ ਨਾਲ ਉਸ ਨੇ ਨੇ ਵੱਡੇ ਖਿੱਤੇ ਉੱਪਰ ਰਾਜ ਕੀਤਾ ਅਤੇ ਦੁਸ਼ਮਣ ਗੁਆਂਢੀ ਸ਼ਾਸਕਾਂ ਦੁਆਰਾ ਕੀਤੇ ਹਮਲਿਆਂ ਦਾ ਡਟ ਕੇ ਮੁਕਾਬਲਾ ਕੀਤਾ ।ਇਹ ਸਾਰੀ ਫ਼ੌਜ ਉਸ ਨੇ ਆਪਣੀ ਸਿਆਣਪ ਦੇ ਬਲਬੂਤੇ ਤੇ ਕਾਇਮ ਕੀਤੀ ਸ਼ੁਰੂਆਤੀ ਦੌਰ ਵਿੱਚ ਉਸ ਦੀ ਫ਼ੌਜ ਗ਼ੈਰ ਸਿਖਲਾਈ ਪ੍ਰਾਪਤ ਸੀ।ਜਿਸ ਵਿੱਚ ਘੋੜ ਸਵਾਰਾਂ ਦੀ ਗਿਣਤੀ ਬਹੁਤ ਘੱਟ ਸੀ ਤੇ ਸੈਨਿਕਾਂ ਕੋਲ ਘਰੇਲੂ ਹਥਿਆਰ ਸਨ।ਮਹਾਰਾਜੇ ਦੇ ਯਤਨਾ ਸਦਕਾ ਥੋੜ੍ਹੇ ਹੀ ਸਮੇਂ ਬਾਅਦ ਇਹ ਫ਼ੌਜ ਏਸ਼ੀਆ ਦੀ ਸਭ ਤੋਂ ਆਧੁਨਿਕ ਫੌਜ ਬਣ ਗਈ ਜਿਸ ਨੇ ਬਰਤਾਨਵੀ ਸਾਮਰਾਜ ਨੂੰ ਸਤਲੁਜ ਤੋਂ ਅੱਗੇ ਵਧਣ ਤੋਂ ਰੋਕਿਆ।

ਪ23 ਕੀ ਚੀਜ਼ ਉਸ ਦੇ ਸੈਨਿਕਾਂ ਨੂੰ ਇਕੱਠਿਆਂ ਬੰਨ੍ਹ ਕੇ ਰੱਖਦੀ ਸੀ?
ੳ24 ਆਪਣੇ ਲੀਡਰ ਪ੍ਰਤੀ ਇਮਾਨਦਾਰੀ ਉਸ ਦੇ ਸੈਨਿਕਾਂ ਨੂੰ ਇਕੱਠਿਆਂ ਬਣ ਕੇ ਰੱਖਦੀ ਸੀ।ਉਹ ਗੁਰੀਲਾ ਯੁੱਧ ਨੀਤੀ ਜਿਸ ਦੇ ਸਿਰ ਉੱਪਰ ਖਾਲਸਾ ਰਾਜ ਸਥਾਪਤ ਹੋਇਆ ਸੀ ਮਹਾਰਾਜਾ ਦੁਆਰਾ ਕਲਪਿਤ ਸੁਰੱਖਿਅਤ ਖ਼ਾਲਸਾ ਰਾਜ ਕੈਮ ਰੱਖਣ ਵਿੱਚ ਹੁਣ ਵਧੇਰੇ ਮਦਦਗਾਰ ਸਾਬਤ ਨਹੀਂ ਸੀ ਹੋ ਰਹੀ।ਸ਼ੁਰੂਆਤੀ ਦੌਰ ਵਿੱਚ ਬਰਤਾਨਵੀ ਸੈਨਿਕਾਂ।ਦੀ ਯੋਜਨਾ ਬੰਦ ਟਰੇਨਿੰਗ ਨੂੰ ਰਣਜੀਤ ਸਿੰਘ ਨੇ ਆਪਣੀ ਅੱਖੀਂ ਦੇਖਿਆ ਸੀ।ਉਹ ਇੱਕ ਅਜਿਹੀ ਹੀ ਫੌਜ ਤਿਆਰ ਕਰਨਾ ਚਾਹੁੰਦਾ ਸੀ ਇਸ ਲਈ ਉਸ ਨੇ ਈਸਟ ਇੰਡੀਆ ਕੰਪਨੀ ਤੋਂ ਬਾਗੀ।ਫੌਜੀ ਅਫਸਰਾਂ ਨੂੰ ਆਪਣੀ ਸੈਨਾ ਵਿੱਚ ਭਰਤੀ ਕੀਤਾਉਸ ਨੇ ਆਪਣੇ ਆਦਮੀਆਂ ਨੂੰ ਲੁਧਿਆਣਾ ਵਿੱਚ ਈਸਟ ਇੰਡੀਆ ਕੰਪਨੀ ਦੀ ਫ਼ੌਜ ਦੀ ਟ੍ਰੇਨਿੰਗ ਅਤੇ ਜੰਗ ਨੀਤੀ ਦੇਖਣ ਲਈ ਭੇਜਿਆ।

ਪ24 647 1192 ਤੱਕ ਦੇ ਸਮੇਂ ਵਿੱਚ ਪੰਜਾਬ ਦੇ ਇਤਿਹਾਸ ਬਾਰੇ ਦੱਸੋ?
ੳ24
647 1192 ਰਾਜਪੂਤ ਰਾਜ
713 1300 ਤੁਰਕ ਅਤੇ ਅਰਬ ਹਮਲਾਵਰ ਜਿਨ੍ਹਾਂ ਵਿੱਚ ਮਹਾਨ ਮੁਲਕ ਮੁਸਲਿਮ ਸ਼ਾਸਕ ਮੁਹੰਮਦ ਗੌਰੀ ਅਤੇ ਮੁਹੰਮਦ ਗਜਨੀ ਵੀ ਸ਼ਾਮਲ ਸਨ ।
ਅੱਠਵੀਂ ਸਦੀ ਵਿੱਚ ਅਰਬਾਂ ਨੇ ਮੁਲਤਾਨ ਅਤੇ ਸਿੰਧੀ ਉੱਪਰ ਕਬਜ਼ਾ ਕੀਤਾ।
1450 1700 ਮੁਗਲ ਰਾਜ
1469 1539 ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੇ ਸਿੱਖ ਗੁਰੂ
1539 1675 ਗੁਰੂ ਕਾਰਡਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ

ਪ25 1699 ਵਿੱਚ ਪੰਜਾਬ ਦੇ ਇਤਿਹਾਸ ਬਾਰੇ ਦੱਸੋ।
ੳ25 1675 1708 ਗੁਰੂ ਗੋਬਿੰਦ ਸਿੰਘ ਜੀ
1699 ਖਾਲਸੇ ਦਾ ਜਨਮ
1708 1715 ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ

1716 1759 ਸਿੱਖਾਂ ਦਾ ਮੁਗ਼ਲ ਹਕੂਮਤ ਵਿਰੁੱਧ ਸੰਘਰਸ਼
1739 ਇਰਾਨ ਤੋਂ ਨਾਦਰ ਸ਼ਾਹ ਦਾ ਹਮਲਾ
1748 1769 ਅਹਿਮਦ ਸ਼ਾਹ ਅਬਦਾਲੀ ਵੱਲੋਂ ਨੂੰ ਹਮਲੇ
1762ਅਹਿਮਦ ਸ਼ਾਹ ਦੇ ਛੇਵੇਂ ਹਮਲੇ ਦੌਰਾਨ ਸਿੱਖਾਂ ਦਾ ਦੂਜਾ ਘੱਲੂਘਾਰਾ
1764 1799 ਸਿੱਖ ਮਿਸਲਾਂ ਦਰਮਿਆਨ ਇਲਾਕੇ ਜਿੱਤਣ ਨੂੰ ਲੈ ਕੇ ਜੰਗਾਂ
1799 1839 ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਅਤੇ ਜੰਮੂ ਕਸ਼ਮੀਰ ਉੱਪਰ ਰਾਜ

ਪ26, 1707 1740 ਤੱਕ ਪੰਜਾਬ ਦਾ ਇਤਿਹਾਸ
ੳ26 ਸਿੱਖ ਰਾਜਸੀ ਤਾਕਤ
1707 1716 ਸਿੱਖਾਂ ਦੇ ਰਾਜਸੀ ਉਭਾਰ ਦਾ ਪੰਜਾਬ ਦੀ ਰਾਜਨੀਤੀ ਉਪਰ ਅਸਰ
1716 1732 ਮੁਗਲ ਰਾਜ ਵਿਰੁੱਧ ਗੁਰੀਲਾ ਯੁੱਧ
1735 1739 ਸਿੱਖਾਂ ਦੁਆਰਾ ਰਾਜਸੀ ਤਾਕਤ ਹਥਿਆਉਣ ਲਈ ਲਗਾਤਾਰ ਯੁੱਧ
1739 1740 ਸਿੱਖਾਂ ਦੁਆਰਾ ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਉੱਪਰ ਸਿੱਖ ਰਾਜ ।

ਪ27 1753 1762 ਪੰਜਾਬ ਦਾ ਇਤਿਹਾਸ।
ੳ27 1753 1762 ਸਿੱਖ ਰਾਜ ਦਾ ਸਥਾਪਿਤ ਹੋਣਾ ਅਤੇ ਪੰਜਾਬ ਦੀਆਂ ਹੱਦਾਂ ਦੀ ਰਾਖੀ
1762 1767 ਅਹਿਮਦ ਸ਼ਾਹ ਅਬਦਾਲੀ ਅਤੇ ਸਿੱਖਾਂ ਦਰਮਿਆਨ ਜੰਗ
1763 1774 ਸ਼ੁਕਰਚੱਕੀਆ ਮਿਸਲ ਦੇ ਮਿਸਲਦਾਰ ਚੜ੍ਹਤ ਸਿੰਘ ਵੱਲੋਂ ਆਪਣੇ ਆਪ ਨੂੰ ਗੁੱਜਰਾਂਵਾਲਾ ਵਿੱਚ ਸਥਾਪਤ ਕਰਨਾ।
1773 ਅਹਿਮਦ ਸ਼ਾਹ ਅਬਦਾਲੀ ਦੀ ਮੌਤ ਅਤੇ ਉਸ ਦੇ ਪੁੱਤਰ ਤੈਮੂਰ ਸ਼ਾਹ ਦਾ ਸਿੱਖਾਂ ਨੂੰ ਦਬਾਉਣ ਵਿੱਚ ਅਸਫ਼ਲ ਹੋਣਾ।
1774 1790 ਮਾਨ ਸਿੰਘ ਦਾ ਸ਼ੁਕਰਚੱਕੀਆ ਮਿਸਲ ਦਾ ਮਿਸਲਦਾਰ ਬਣਨਾ।
1762 1801 ਸਿੱਖਾਂ ਦੀ ਸੈਨਿਕ ਸ਼ਕਤੀ ਵਿੱਚ ਵਾਧਾ।

ਪ28, 1790 1801 ਤੱਕ ਪੰਜਾਬ ਦਾ ਇਤਿਹਾਸ
ੳ28 1790 1801 ਹਰਜੀਤ ਸਿੰਘ ਦਾ ਸ਼ੁਕਰਚੱਕੀਆ ਮਿਸਲ ਦਾ ਮਿਸਲਦਾਰ ਬਣਨਾ
1799 1801 ਸਿੱਖ ਮਿਸਲਾਂ ਤੋਂ ਸਿੱਖ ਰਾਜ ਬਣਦਾ
1801 ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਅਤੇ ਖਾਲਸਾ ਰਾਜ ਦੀ ਸਥਾਪਨਾ
1801 1839 ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਲ ਜਿਸ ਦੀ ਸ਼ੁਰੂਆਤ 1801 ਵਿੱਚ ਹੋਈ।
27 ਜੂਨ 1839 ਤੋਂ 5 ਨਵੰਬਰ 1840 ਚੰਦ ਕੌਰ ਦਾ ਥੋੜ੍ਹੇ ਸਮੇਂ ਲਈ ਸ਼ਾਸਕ ਬਣਨਾ।
18 ਜੂਨ 1841 ਤੋਂ 15 ਸਤੰਬਰ 1843 ਮਹਾਰਾਜਾ ਸ਼ੇਰ ਸਿੰਘ ਦਾ ਰਾਜ
1843 ਤੋਂ 1849 ਮਹਾਰਾਜਾ ਦਲੀਪ ਸਿੰਘ ਦਾ ਰਾਜ।

ਪ29 ,ਸਿੱਖ ਪੈਦਲ ਸੈਨਾ ਦੀ ਨੌਕਰੀ ਬਾਰੇ ਕੀ ਸੋਚਦੇ ਸਨ?
ੳ29 )ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਤੋਂ ਲੈ ਕੇ ਹੀ ਸਿੱਖ ਕੁਦਰਤੀ ਤੌਰ ਤੇ ਘੋੜ ਸਵਾਰ ਸੈਨਿਕ ਸਨ।ਇਹ ਵੀ ਕਹਿਣਾ ਗਲਤ ਹੋਵੇਗਾ ਕਿ ਸਿੱਖ ਪੈਦਲ ਸੈਨਾ ਦੀ ਨੌਕਰੀ ਨੂੰ ਛੋਟੀ ਸਮਝਦੇ ਸਨ।ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਪੂਰਬੀ ਪੰਜਾਬੀ ਮੁਸਲਿਮ ਅਫਗਾਨ ਅਤੇ ਗੋਰਖਾ ਸਭ ਸ਼ਾਮਿਲ ਸਨ।ਇਨ੍ਹਾਂ ਫੌਜੀਆਂ ਦੀ ਅਠਾਰਾਂ ਸੌ ਤਿੰਨ ਚਾਰ ਦੇ ਵਿੱਚ ਅਹਿਮਦ ਖ਼ਾਨ ਸਿਆਲ ਅਤੇ ਉੱਚ ਦੇ ਜ਼ਿਮੀਂਦਾਰਾਂ ਦੇ ਵਿਰੁੱਧ ਜੰਗ ਵਿੱਚ ਪ੍ਰੀਖਿਆ ਹੋਈ।ਮਹਾਰਾਜਾ ਇਨ੍ਹਾਂ ਸੈਨਿਕਾਂ

ਦੇ ਅਭਿਆਸ ਸਮੇਂ ਖੁਦ ਆਪ ਹਾਜ਼ਰ ਹੁੰਦਾ ਤੇ ਜਲਦੀ ਹੀ ਇਹ ਸੈਨਾ ਬਹੁਤ ਉੱਚ ਦਰਜੇ ਦੀ ਸੈਨਾ ਬਣ ਗਈ ਤੇ ਸਿੱਖ ਵੀ ਇਸ ਵਿੱਚ ਸ਼ਾਮਲ ਹੋਣ ਵਿੱਚ ਮਾਣ ਮਹਿਸੂਸ ਕਰਨ ਲੱਗੇ।ਰਣਜੀਤ ਸਿੰਘ ਨੇ ਅਸਲੇ ਅਤੇ ਤੋਪਖਾਨੇ ਨੂੰ ਜ਼ਿਆਦਾ ਮਹੱਤਤਾ ਦਿੱਤੀ।

ਪ30

ਪ31 ਇਸ ਦੀ ਸ਼ੁਰੂਆਤ ਕਿੱਥੋਂ ਹੋਈ?

ੳ31 ਅਠਾਰਾਂ ਸੌ ਬਾਈ ਵਿੱਚ ਨੈਪੋਲੀਅਨ ਜੰਗ ਦੇ ਜਰਨੈਲ ਜੀਨ ਬੈਪਟਿਸਟ ਵੈਨਤੂਰਾ ਅਤੇ ਜੀਨ ਫਰਾਂਕੋਇਸ ਅਲਾਰਡ ਦੇ ਲਾਹੌਰ ਪੁੱਜਣ ਨਾਲ ਇਸ ਦੀ ਸ਼ੁਰੂਆਤ ਹੋਈ।ਰਣਜੀਤ ਸਿੰਘ ਨੇ ਕੁਝ ਝਿਜਕਣ ਤੋਂ ਬਾਅਦ ਇਨ੍ਹਾਂ ਨੂੰ ਆਪਣੀ ਫੌਜ ਵਿਚ ਭਰਤੀ ਕਰ ਲਿਆ ਅਤੇ ਇਨ੍ਹਾਂ ਦੀ ਜ਼ਿੰਮੇਵਾਰੀ ਫੌਜ ਨੂੰ ਅਭਿਆਸ ਕਰਾਉਣ ਅਤੇ ਅਨੁਸ਼ਾਸਿਤ ਕਰਨ ਦੀ ਲਗਾਈ ਗਈ।ਜਨਰਲ ਵੇਂਟੂਰਾ ਨੇ ਪੈਦਲ ਸੈਨਿਕਾਂ ਨੂੰ ਸਪਲਾਈ ਦਿੱਤੀ ਅਤੇ ਜਨਰਲ ਅਲਾਰਡ ਨੇ ਘੋੜ ਸਵਾਰਾਂ ਨੂੰ ਸਿਖਲਾਈ ਦਿੱਤੀ।ਇਲਾਹੀ ਬਖ਼ਸ਼ ਅਤੇ ਲਹਿਣਾ ਸਿੰਘ ਮਜੀਠੀਆ ਨੂੰ ਫਰਾਂਸ ਅਫਸਰ ਜਨਰਲ ਕਲਾਊਡ ਅਗਸਤ ਅਤੇ ਅਮਰੀਕਨ ਕਰਨਲ ਅਗਸਰ ਗਾਰਡਨ ਦੇ ਪਹੁੰਚਣ ਤੱਕ ਤੋਪਖਾਨੇ ਅਤੇ ਅਸਲੇ ਦਾ ਜ਼ਿੰਮਾ ਸੌਂਪਿਆ ਗਿਆ।ਲਹਿਣਾ ਸਿੰਘ ਮਜੀਠੀਆ ਨੂੰ ਅਸਲੇ ਦੇ ਕਾਰਖਾਨੇ ਦਾ ਮੁਖੀ ਲਾਇਆ ਗਿਆ ਅਤੇ ਹੰਗਰੀ ਦੇ ਡਾਕਟਰ ਜੋਨ ਮਾਰਟਿਨ ਹੁਨਿੰਗ ਬਰਗਰ ਨੂੰ ਗੰਨ ਪਾਊਡਰ ਤਿਆਰ ਕਰਨ ਦਾ ਜ਼ਿੰਮਾ ਸੌਂਪਿਆ ਗਿਆ।

ਪ34 ਫੌਜ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਕਦੋਂ ਹੋਇਆ?

ੳ34 1822 ਤੋਂ ਬਾਅਦ ਫ਼ੌਜ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਇਨ੍ਹਾਂ ਦੀ ਗਿਣਤੀ ਦਾ ਲੇਖਾ ਜੋਖਾ ਪ੍ਰੋਫੈਸਰ ਸੀਤਾ ਰਾਮ ਕੋਹਲੀ ਵੱਲੋਂ ਕੀਤਾ ਗਿਆ

| ਸਾਲ | ਪੈਦਲ ਸੈਨਾ | ਘੋੜ ਸਵਾਰ ਸੈਨਾ | ਅਤੇ ਹੋਰ |
|---|---|---|---|
| 1819 | 7748 | 750 | 3577 |
| 1823 | 11681 | 1650 | 7300 |
| 1828 | 15825 | 4315 | 7200 |
| 1838 | 26617 | 4090 | 10795 |

ਪ35 ਅਸਲੇਖਾਨੇ ਅਤੇ ਤੋਪਖਾਨੇ ਦਾ ਲੇਖਾ ਜੋਖਾ।

ੳ35

| ਸਾਲ | ਬੰਦੂਕਾਂ | ਤੋਪਾਂ | ਤੋਪਚੀ |
|---|---|---|---|
| 1819 | 22 | 190 | 834 |
| 1823 | ਕੋਈ ਵੇਰਵਾ ਨਹੀਂ | | |
| 1828 | 130 | 280 | 3778 |
| 1838 | 188 | 280 | 4535 |

ਪ34ਉੱਪਰ ਦਿੱਤੀ ਸੂਚੀ ਵਿੱਚ ਹੋਰ ਕੀ ਕੁਝ ਸ਼ਾਮਿਲ ਨਹੀਂ ਕੀਤਾ ਗਿਆ?

ੳ34 ਇਸ ਵਿੱਚ ਜਗੀਰਦਾਰੀ ਫੌਜਦੀ ਗਿਣਤੀ ਸ਼ਾਮਲ ਨਹੀਂ ਹੈ।ਇਹ ਫੌਜ ਪੂਰੀ ਤਰ੍ਹਾਂ ਘੋੜ ਸਵਾਰਾਂ ਦੀ ਭੋਜਨ ਦੀ ਹੈ ਜਿਹੜੀ ਕਿ ਜਗੀਰਦਾਰਾਂ ਨੂੰ ਰੱਖਣੀ ਪੈਂਦੀ ਹੈ ਤੇ ਦੁਸਹਿਰੇ ਦੇ ਮੌਕੇ ਤੇ ਸ਼ਕਤੀ ਪ੍ਰਦਰਸ਼ਨ ਕੀਤਾ ਜਾਂਦਾ ਹੈ।ਮਹਾਰਾਜੇ ਦੇ ਅੰਗ ਰੱਖੇਗਾ ਤੋਂ ਇਲਾਵਾ ਫੌਜੀ-ਕ- ਹਜ਼ਤ ਨਾਮ ਦੀ ਇੱਕ ਖਾਸ ਫੌਜ ਹੁੰਦੀ ਹੈ ਜਿਸ ਵਿੱਚ ਚਾਰ ਹਜ਼ਾਰ ਘੋੜ ਸਵਾਰ ਜਿਨ੍ਹਾਂ ਨੂੰ ਅਕਾਲੀ ਵੀ ਕਿਹਾ ਜਾਂਦਾ ਹੈ ਇਨ੍ਹਾਂ ਦਾ ਕੰਮ ਖਾਸ ਕਿੱਲਿਆਂ ਦੀ ਰਾਖੀ ਕਰਨਾ ਹੁੰਦਾ ਹੈ।ਮਰਜ਼ੀ ਦੇ ਮਾਲਕ ਅਕਾਲੀ ਆਪਣੀ ਬੇਪਨਾਹ ਬਹਾਦਰੀ ਕਰਕੇ ਜਾਣੇ ਜਾਂਦੇ ਸਨ ਤੇ ਮਹਾਰਾਜ ਨੂੰ ਵੀ ਹੁਕਮ ਸੁਣਾ ਦਿੰਦੇ ਸਨ।

ਪ35 ਕੇਂਦਰੀ ਸੈਨਾ ਵਿੱਚ ਕੀ ਕੀ ਸ਼ਾਮਲ ਸੀ?

ੳ35 ਪੈਦਲ ਸੈਨਾ ਕੇਂਦਰ ਬਿੰਦੂ ਸੀ ਤੇ ਘੋੜ ਸਵਾਰ ਅਤੇ ਅਸਲਾਖਾਨਾ ਇਸ ਦੀ ਮਦਦ ਲਈ ਮੌਜੂਦ ਸਨ।ਇਸ ਨੂੰ ਬਟਾਲੀਅਨ ਵਿੱਚ ਵੰਡਿਆ ਹੈ ਸੀ ਤੇ ਹਰ ਬਟਾਲੀਅਨ ਵਿੱਚ ਨੌ ਸੌ ਸੈਨਿਕ ਸਨ।ਬਟਾਲੀਅਨ ਇੱਕ ਜਥੇਬੰਦਕ ਢਾਂਚਾ ਸੀ ਜੋ ਕਿਸੇ ਯੋਗ ਕਮਾਂਡਰ ਦੀ ਕਮਾਂਡ ਹੇਠ ਚੱਲਦਾ ਸੀ ਤੇ ਇਸ ਤੋਂ ਇਲਾਵਾ ਇਕ ਮੇਜਰ ਵੀ ਇਸ ਵਿੱਚ ਸ਼ਾਮਲ ਹੁੰਦਾ ਸੀ।ਸੈਨਿਕਾਂ ਤੋਂ ਇਲਾਵਾ ਇਸ ਦੇ ਜਥੇਬੰਦਕ ਢਾਂਚੇ ਦੇ ਵਿੱਚ ਵਪਾਰੀ ਮੁਨੀਮ ਮੁੱਤਸਾਦੀ ਅਤੇ ਗ੍ਰੰਥੀ ਵੀ ਸ਼ਾਮਲ ਹੁੰਦੇ ਸਨ।

ਪ36 ਬਟਾਲੀਅਨ ਦਾ ਢਾਂਚਾ ਕਿਵੇਂ ਦਾ ਹੁੰਦਾ ਸੀ?
ਉ36 ਬਟਾਲੀਅਨ ਵਿੱਚ ਅੱਠ ਕੰਪਨੀਆਂ ਹੁੰਦੀਆਂ ਸਨ ਨੇ ਜਿਨ੍ਹਾਂ ਵਿੱਚ ਸੌ ਫ਼ੌਜੀ ਸ਼ਾਮਲ ਹੁੰਦੇ ਸਨ ਇਨ੍ਹਾਂ ਨੂੰ ਅੱਗੋਂ ਚਾਰ ਭਾਗਾਂ ਵਿੱਚ ਵੰਡਿਆ ਹੁੰਦਾ ਸੀ।ਘੋੜ ਸਵਾਰ ਸੈਨਾ ਨੂੰ ਰਸਾਲਾ ਰੈਜੀਮੈਂਟ ਅਤੇ ਤੁਰਪ ਦੇ ਹਿਸਾਬ ਨਾਲ ਵੰਡਿਆ ਜਾਂਦਾ ਸੀ। ਅਸਲੇ ਵਾਲੀ ਸੈਨਾ ਨੂੰ ਬੰਦੂਕਾਂ ਦੇ ਆਕਾਰ ਦੇ ਹਿਸਾਬ ਨਾਲ ਵੰਡਿਆ ਜਾਂਦਾ ਸੀ।

ਪ37 ਅਠਾਰਾਂ ਸੌ ਚਾਰ ਵਿੱਚ ਕੀ ਹੋਇਆ।
ਉ37 1804 ਵਿੱਚ ਤੋਪਖਾਨੇ ਨੂੰ ਤੋਪਖਾਨਾ ਕਲਾਂ ਅਤੇ ਤੋਪਖਾਨਾ ਖੁਰਦ ਦੇ ਵਿੱਚ ਵੰਡ ਦਿੱਤਾ ਗਿਆ। ਊਠਾਂ ਉੱਤੇ ਲੱਦੀਆਂ ਜਾਣ ਵਾਲੀਆਂ ਛੋਟੀਆਂ ਤੋਪਾਂ ਜਾਂ ਜੰਬੂਰਕ ਪੈਦਲ ਸੈਨਾ ਨੂੰ ਦੇ ਦਿੱਤੇ ਗਏ 1810 ਵਿੱਚ ਘੋੜਸਵਾਰ ਤੋਪਖਾਨਾ ਵੀ ਫੌਜ ਚ ਸ਼ਾਮਲ ਕੀਤਾ ਗਿਆ।ਮੀਆਂ ਗੋਸ਼ਾ ਦੇ ਨਾਂ ਨਾਲ ਮਸ਼ਹੂਰ ਗੌਸ ਮੁਹੰਮਦ ਖਾਨ ਦੀ ਕਮਾਨ ਹੇਠਾਂ ਤੋਪਖਾਨੇ ਨੂੰ ਤੋਪਖਾਨਾ ਏ ਖਾਸ ਜਾ ਤੋਪਖਾਨਾ ਏ ਮੁਬਾਰਕ ਦੇ ਨਾਮ ਨਾਲ ਜਾਣਿਆ ਜਾਂਦਾ ਸੀ।

ਪ38 ਅਠਾਰਾਂ ਸੌ ਸਤਾਈ ਵਿੱਚ ਕੀ ਹੋਇਆ?
ਉ ,ਅਠਾਰਾਂ ਸੌ ਸਤਾਈ ਵਿੱਚ ਤੋਪਖਾਨੇ ਨੂੰ ਤਿੰਨ ਭਾਗਾਂ ਵਿੱਚ ਵੰਡ ਦਿੱਤਾ ਗਿਆ।ਜਿਸ ਵਿੱਚ ਨਿੱਜੀ ਅਸਲਾ ਘੋੜਿਆਂ ਅਤੇ ਬਲਦ ਗੱਡੀਆਂ ਉੱਪਰ ਲਗਾਏ ਜਾਣ ਵਾਲੀਆਂ ਤੋਪਾਂ ਅਤੇ ਹਾਥੀਆਂ ਉੱਪਰ ਲੈ ਜਾਈਆਂ ਜਾਣ ਵਾਲੀਆਂ ਤੋਪਾਂ ਸੀ । ਘੋੜਸਵਾਰ ਤੋਪਖਾਨਾ ਲੋੜ ਮੁਤਾਬਕ ਅਸਥਾਈ ਰੂਪ ਵਿੱਚ ਫੌਜ ਨਾਲ ਕੰਮ ਕਰਦਾ ਸੀ।ਹਾਥੀਆਂ ਉੱਪਰ ਲੱਦ ਕੇ ਲਿਜਾਏ ਜਾਣ ਵਾਲੇ ਤੋਪਖਾਨੇ ਨੂੰ ਅੱਗੋਂ ਬੈਟਰੀਆਂ ਵਿੱਚ ਵੰਡਿਆ ਗਿਆ ਸੀ ਤੇ ਹਰੇਕ ਬੈਟਰੀ ਦੇ ਵਿੱਚ ਦੋ ਦੋ ਤੋਪਾਂ ਸ਼ਾਮਲ ਹੁੰਦੀਆਂ ਸਨ ਤੇ ਜਿਨ੍ਹਾਂ ਵਿੱਚੋਂ ਇੱਕ ਸਮੇਂ ਇੱਕ ਨੂੰ ਹੀ ਵਰਤਿਆ ਜਾਂਦਾ ਸੀ।

ਪ39 ਮੈਦਾਨੀ ਸੈਨਾ ਨੂੰ ਕਿਵੇਂ ਵੰਡਿਆ ਗਿਆ ਸੀ।
ਉ39 ਮੈਦਾਨੀ ਸੈਨਾ ਨੂੰ ਪੂਰੇ ਢਾਂਚਾਗਤ ਰੂਪ ਵਿੱਚ ਫੌਜੀ ਕਵਾਇਦ ਫੌਜ ਅਤੇ ਜਗੀਰਦਾਰੀ ਫੌਜ ਦੇ ਵਿੱਚ ਵੰਡਿਆ ਗਿਆ ਸੀ।ਜਨਰਲ ਵੈਂਤੂਰਾ ਦੀ ਅਗਵਾਈ ਹੇਠ ਫੌਜੀ ਕਵਾਇਦ ਨੂੰ ਪੰਜ ਪੈਦਲ ਸੈਨਾ ਬਟਾਲੀਅਨਾਂ ਵਿੱਚ ਵੰਡਿਆ ਗਿਆ।ਜਨਰਲ ਅਲਾਰਡ ਦੀ ਅਗਵਾਈ ਹੇਠ ਤਿੰਨ ਘੋੜ ਸਵਾਰ ਰੈਜੀਮੈਂਟਾਂ ਸਨ।ਜਨਰਲ ਇਲਾਹੀ ਬਖਸ਼ ਦੀ ਕਮਾਂਡ ਹੇਠ ਚੋਟੀ ਤੋਪਾਂ ਸਨ ਅਤੇ ਇਹ ਸਾਰੀ ਢਾਂਚਾਗਤ ਸੈਨਾ ਜਰਨਲ ਵੈਂਤੂਰਾ ਦੀ ਕਮਾਂਡ ਹੇਠ ਜੰਗ ਲੜਦੀ ਸੀ ਇਸ ਤੋਂ ਇਲਾਵਾ ਗੈਰ ਜਥੇਬੰਦਕ ਜਾਂ ਫੌਜ ਬੇ ਕਵਾਇਦ ਨਾਮ ਦੀ ਫੌਜ ਜਿਸ ਵਿੱਚ ਸਰਦਾਰ ਗੁਰਮੁਖ ਸਿੰਘ ਲੰਬਾ ਜੋ ਪੰਦਰਾਂ ਵਾਰ ਜ਼ਖ਼ਮੀ ਹੋਇਆ ਸੀ ਅਤੇ ਉਸ ਨੂੰ ਬਹਾਦਰੀ ਦਾ ਸਰਵਉੱਚ ਸਨਮਾਨ ਇਜ਼ਾਜੀ ਏ ਇਹ ਸਰਦਾਰੀ ਮਿਲਿਆ ਸੀ ਇਸ ਤੋਂ ਇਲਾਵਾ ਇਸ ਫ਼ੌਜ ਵਿੱਚ ਹਰੀ ਸਿੰਘ ਨਲੂਆ ਦੀਵਾਨ ਮੋਹਕਮ ਚੰਦ ਅਤੇ ਮਿਸਰ ਦੀਵਾਨ ਚੰਦ ਵਰਗੇ ਮਹਾਨ ਜਰਨੈਲ ਸ਼ਾਮਲ ਸਨ।

ਪ40 ਹਰੇਕ ਡੇਰਾ ਕਿਸ ਤਰ੍ਹਾਂ ਜਥੇਬੰਦ ਹੁੰਦਾ ਸੀ?
ਉ। ਹਰੇਕ ਡੇਰਾ ਵੱਖ ਵੱਖ ਧੜਿਆਂ ਮਿਸਲਾਂ ਅਤੇ ਕਬੀਲਿਆਂ ਦੇ ਹਿਸਾਬ ਨਾਲ ਵੰਡਿਆ ਹੁੰਦਾ ਸੀ ਤੇ ਜਿਸ ਨੂੰ ਜਿਸਦੀ ਅਗਵਾਈ ਮਿਸਲਦਾਰ ਕਰਦਾ ਸੀ।ਜਗੀਰਦਾਰ ਫੌਜ ਵੀ ਇਸੇ ਤਰ੍ਹਾਂ ਹੀ ਵੰਡੀ ਹੁੰਦੀ ਸੀ। ਤੋਪਖਾਨੇ ਵਾਲੀ ਫ਼ੌਜ ਕੇਂਦਰੀ ਫੌਜ ਸੀ ਜਿਸ ਨੂੰ ਵੀ ਲੋੜ ਮੁਤਾਬਕ ਵੱਖ ਵੱਖ ਮੁਹਿੰਮਾਂ ਤੇ ਵੱਖ ਵੱਖ ਡੇਰਿਆਂ ਨੂੰ ਮੁਹਈਆ ਕੀਤੀ ਜਾਂਦੀ ਸੀਤੇ ਸਾਰੀ ਸੈਨਾ ਦੀ ਕਮਾਂਡ ਕਿਸੇ ਸ਼ਹਿਜ਼ਾਦੇ ਦੇ ਹੱਥ ਵਿੱਚ ਹੁੰਦੀ ਸੀ ਮਹਾਰਾਜਾ ਰਣਜੀਤ ਸਿੰਘ ਖੁਦ ਵੀ ਇੱਕ ਉੱਚ ਦਰਜੇ ਦਾ ਕਮਾਂਡਰ ਸੀ।

ਪ41 ਮਹਾਰਾਜਾ ਰਣਜੀਤ ਸਿੰਘ ਨੇ ਕਦੋਂ ਫ਼ੌਜ ਦੀ ਅਗਵਾਈ ਕੀਤੀ?
ਉ42 ਮਹਾਰਾਜੇ ਨੇ ਕਈ ਮੁਹਿੰਮਾਂ ਤੇ ਫ਼ੌਜ ਦੀ ਕਮਾਂਡ ਸੰਭਾਲੀ ਅਕਾਲੀ ਫੂਲਾ ਸਿੰਘ ਦੀ ਕਮਾਂਡ ਵਾਲੀ ਫੌਜ ਜਿਸ ਨੂੰ ਮਸਤਾਨੀ ਫੌਜ ਵੀ ਕਿਹਾ ਜਾਂਦਾ ਸੀ ਉਹ ਆਪਣੇ ਆਪ ਵਿੱਚ ਆਜ਼ਾਦ ਫੌਜ ਸੀ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਆਪਣੇ ਨਿੱਜੀ ਪ੍ਰਭਾਵ ਨਾਲ ਲੋੜ ਪੈਣ ਤੇ ਫ਼ੌਜ ਵਿੱਚ ਸ਼ਾਮਲ ਕਰ ਲੈਂਦਾ ਸੀ ।
ਫੌਜ ਦੇ ਮੱਧ ਵਿੱਚ ਤੋਪਖਾਨਾ ਸੀ ਉਸ ਦੇ ਨਾਲ ਪੈਦਲ ਸੈਨਾ ਤੇ ਕਿਨਾਰਿਆਂ ਉੱਪਰ ਘੋੜਸਵਾਰ ਸੈਨਾ ਹੁੰਦੀ ਸੀ।ਜੰਗ ਮੁੱਖ ਤੌਰ ਤੇ ਤੋਪਖਾਨੇ ਦੇ ਬਲਬੂਤੇ ਤੇ ਲੜੀ ਜਾਂਦੀ ਸੀ।

ਪ42 ਸੈਨਿਕ ਕੀ ਪਹਿਨਦੇ ਸਨ?
ੳ42 ਫੌਜ ਦੇ ਹਿਸਾਬ ਨਾਲ ਪੱਕੇ ਸੈਨਿਕਾਂ ਨੂੰ ਵੱਖ ਵੱਖ ਤਰ੍ਹਾਂ ਦੀਆਂ ਵਰਦੀਆਂ ਪਹਿਨਦੇ ਸਨ।ਕੋਟ ਸਵਾਰ ਲਾਲ ਰੰਗ ਦੀਆਂ ਜੈਕਟਾਂ ਲਾਲ ਧਾਰੀਆਂ ਵਾਲੀਆਂ ਨੀਲੀਆਂ ਪੈਂਟਾਂ ਅਤੇ ਨਾਭੀ ਰੰਗ ਦੀ ਪੱਗ ਬੰਨਦੇ ਸਨ।ਰੈਜੀਮੈਂਟ ਦੇ ਜਵਾਨ ਵੱਖ ਵੱਖ ਹਥਿਆਰਾਂ ਨਾਲ ਲੈਸ ਹੁੰਦੇ ਸਨ ਪੈਦਲ ਸੈਨਾ ਸੂਹੇ ਰੰਗ ਦੀ ਜੈਕਟ ਚਿੱਟੇ ਰੰਗ ਦੀ ਪੈਂਟ ਤੇ ਕਾਲੇ ਰੰਗ ਦੀ ਬੈਲਟ ਪੈਂਦੀ ਸੀ ਸਾਰੀਆਂ ਰੈਜੀਮੈਂਟਾਂ ਆਪਣੇ ਦਸਤਾਰ ਦੇ ਰੰਗ ਨਾਲ ਪਛਾਣੀਆਂ ਜਾਂਦੀਆਂ ਸਨ ਇਨ੍ਹਾਂ ਵਿੱਚ ਜ਼ਿਆਦਾਤਰ ਸਫੇਦ ਲਾਲ ਹਰਾ ਅਤੇ ਪੀਲਾ ਰੰਗ ਹੁੰਦਾ ਸੀ। ਗੋਰਖੇ ਹਰੇ ਰੰਗ ਦੀ ਜੈਕਟ ਅਤੇ ਕਾਲੀ ਟੋਪੀ ਪਹਿਨਦੇ ਸਨਸਰਦੀਆਂ ਵਿੱਚ ਮੋਟੀਆਂ ਜੈਕਟਾਂ ਪਹਿਨੀਆਂ ਜਾਂਦੀਆਂ ਸਨ।

ਪ43 ਤੋਪਚੀ ਕੀ ਪਹਿਨਦੇ ਸਨ?
ੳ ਤੋਪਚੀ ਸਫੇਦ ਪੈਂਟਾਂ ਅਤੇ ਕਾਲਾਕੋਟ ਪੈਂਦੇ ਸਨ ਇਨ੍ਹਾਂ ਦੇ ਅਫਸਰਾਂ ਨੂੰ ਵਰਦੀਆਂ ਪਹਿਨਣ ਦੀ ਕੋਈ ਬੰਦਸ਼ ਨਹੀਂ ਸੀ ਹੁੰਦੀਇਹ ਚਮਕਦਾਰ ਰੰਗਾਂ ਦੀਆਂ ਵਰਦੀਆਂ ਜਿਹੜੀਆਂ ਇਨ੍ਹਾਂ ਨੂੰ ਸਹੀ ਲੱਗਦੀਆਂ  ਪਹਿਣ ਲੈਂਦੇ ਸਨ ਕਾਰ ਸਵਾਰ ਨੇ ਗਾਲੀ ਕੋਈ ਖਾਸ ਵਰਦੀ ਨਹੀਂ ਸੀ ਹੁੰਦੀ ਪਰ ਵਿਦੇਸ਼ੀ ਸੈਲਾਨੀ ਬੈਰਨ ਹੂਗਲ ਜੋ 1836 ਵਿੱਚ ਮਹਾਰਾਜੇ ਦੇ ਦਰਬਾਰ ਵਿੱਚ ਆਇਆ ਲਿਖਦਾ ਹੈ ਕਿ ਮੈਂ ਇਸ ਤਰ੍ਹਾਂ ਦੀ ਫੌਜ ਕਦੇ ਨਹੀਂ ਦੇਖੀ।ਭਾਵੇਂ ਕਿ ਇਹ ਘੋੜ ਸਵਾਰਾਂ ਨੇ ਵੱਖ ਵੱਖ ਤਰ੍ਹਾਂ ਦੀ ਵਰਦੀ ਪਹਿਨੀ ਹੋਈ ਹੈ ਪਰ ਇਸ ਤਰ੍ਹਾਂ ਦੀ ਫ਼ੌਜੀ ਟੁਕੜੀ ਉਸ ਨੇ ਆਪਣੀ ਜ਼ਿੰਦਗੀ ਵਿੱਚ ਪਹਿਲਾਂ ਕਦੇ ਨਹੀਂ ਦੇਖੀ।

ਪ44 ਕੀ ਫੌਜ ਕੰਮ ਦੇ ਹਿਸਾਬ ਨਾਲ ਸੰਗਠਿਤ ਕੀਤੀ ਗਈ ਸੀ?
ੳ,  ਫ਼ੌਜ ਪੂਰੀ ਤਰ੍ਹਾਂ ਨਾਲ ਕੰਮ ਦੇ ਆਧਾਰ ਤੇ ਸੰਗਠਨ ਸੀ ਇੱਥੇ ਜਾਤ ਪਾਤ ਜਾਂ ਕੌਮੀਅਤਾਂ ਦੇ ਆਧਾਰ ਤੇ ਕਿਸੇ ਨਾਲ ਕੋਈ ਵੀ ਵਿਤਕਰਾ ਨਹੀਂ ਸੀ ਕੀਤਾ ਜਾਂਦਾ। ਫੌਜ ਵਿੱਚ ਸਰੀਰਿਕ ਤੰਦਰੁਸਤੀ ਅਤੇ ਖਾਲਸਾ ਰਾਜ ਪ੍ਰਤੀ ਵਫਾਦਾਰੀ ਦੇ ਹਿਸਾਬ ਨਾਲ ਤਨਖਾਹਾਂ ਜਾਂ ਅਹੁਦੇ ਮਿਲਦੇ ਸਨ। ਜੰਗ ਦੇ ਮੈਦਾਨ ਵਿੱਚ ਦਿਖਾਈ ਬਹਾਦਰੀ ਦੇ ਹਿਸਾਬ ਨਾਲ ਉੱਚ ਅਹੁਦੇ ਅਤੇ ਸਨਮਾਨ ਮਿਲਦੇ ਸਨ ਤੇ ਜੰਗ ਵਿੱਚ ਸ਼ਹੀਦ ਹੋਣ ਵਾਲਿਆਂ ਦੇ ਪੁੱਤਰਾਂ ਨੂੰ ਵੀ ਅਹੁਦੇ ਦਿੱਤੇ ਜਾਂਦੇ ਸਨ।

ਪ45  ਰਣਜੀਤ ਸਿੰਘ ਆਪਣੇ ਦੁਆਲੇ ਕਿਸ ਤਰ੍ਹਾਂ ਦਾ ਘੇਰਾ ਰੱਖਿਆ ਸੀ?
ੳ , ਰਣਜੀਤ ਸਿੰਘ ਦੁਆਲੇ ਦੁਨੀਆਂ ਦੇ ਮਹਾਨ ਜਰਨੈਲਾਂ ਦਾ ਘੇਰਾ ਸੀ। ਜਿਸ ਵਿੱਚ ਵੱਖ ਵੱਖ ਕਬੀਲਿਆਂ ਜਾਤਾਂ ਅਤੇ ਧਰਮਾਂ ਦੇ ਖੇਤਰਾਂ ਦੇ ਲੋਕ ਸ਼ਾਮਿਲ ਸਨ ।ਇਨ੍ਹਾਂ ਵਿੱਚੋਂ ਕੁਝ ਦੇ ਨਾਮ ਇਸ ਤਰ੍ਹਾਂ ਹਨ ਹਰੀ ਸਿੰਘ ਨਲਵਾ ਜਨਰਲ ਸਰਦਾਰ ਗੁਰਮੁੱਖ ਸਿੰਘ ਲੰਬਾ, ਦੀਵਾਨ ਮੋਹਕਮ ਚੰਦ ਗੁਲਾਬ ਸਿੰਘ ਵਿੰਡੀਆਂ ਜੋ ਬਾਬਾ ਦੀਪ ਸਿੰਘ ਦੇ ਪਰਿਵਾਰ ਨਾਲ ਸਬੰਧ ਰੱਖਦਾ ਸੀ ਅਤੇ ਅਕਾਲੀ ਫੂਲਾ ਸਿੰਘ।

ਪ46 ਬਲਭੱਦਰ ਕੁਮਾਰ ਕਿਸ ਚੀਜ਼ ਲਈ ਮਸ਼ਹੂਰ ਸੀ?
ੳ  ਬਲਭੱਦਰ ਕੁਮਾਰ ਗੋਰਖੀ ਜਰਨੈਲ ਸੀ ਜਿਸ ਨੇ ਐਂਗਲੋ ਗੋਰਖਾ ਵਾਰ ਤੋਂ ਬਾਅਦ ਰਣਜੀਤ ਸਿੰਘ ਵਾਸਤੇ ਕੰਮ ਕੀਤਾ ।ਉਹ ਨਾਲਪਣੀ ਦੀ ਜੰਗ ਲਈ ਮਸ਼ਹੂਰ ਸੀ
ਮਹਾਨ ਸਿੰਘ ਮੀਰਪੁਰੀ ।
ਦਲ ਸਿੰਘ
ਯੂਰਪੀ ਅਫ਼ਸਰਾਂ ਵਿੱਚ ਵੈਨਤੂਰਾ ਜੋ ਇਟਲੀ ਦਾ ਰਹਿਣ ਵਾਲਾ ਸੀ ।ਪਾਲੋ ਡੀ ਐਵੀਟਲ ਜੋ ਇਟਲੀ ਦਾ ਰਹਿਣ ਵਾਲਾ ਸੀ।
ਕੋਰਟ ਜੋ ਫਰਾਂਸ ਦਾ ਰਹਿਣ ਵਾਲਾ ਸੀ
ਅਤੇ ਪੰਜ ਸਪੇਨ ਦਾ ਰਹਿਣ ਵਾਲਾ ਸੀ

ਪ47 ਤਨਖਾਹਾਂ ਅਤੇ ਸਜ਼ਾਵਾਂ ਕਿਸ ਸਾਹਬ ਨਾਲ ਦਿੱਤੀਆਂ ਜਾਂਦੀਆਂ ਸਨ?
ੳ , ਫ਼ੌਜ ਵਿੱਚ ਨਿਯਮ ਕਾਨੂੰਨ ਬਣਾਏ ਰੱਖਣ ਵਾਸਤੇ ਤਨਖਾਵਾਂ ਅਤੇ ਸਜ਼ਾਵਾਂ ਦੇਣ ਲਈ ਇੱਕ ਵਧੀਆ ਖਾਕਾ ਤਿਆਰ ਕੀਤਾ ਗਿਆ ਸੀ ।
ਪਹਿਲਾਂ ਮਹੀਨਾਵਾਰ ਤਨਖਾਹ ਦਿੱਤੀਆਂ ਜਾਂਦੀਆਂ ਸਨ ਜੋ ਬਾਅਦ ਵਿੱਚ ਫ਼ਸਲੀ ਜਾਂ ਛੇ ਮਹੀਨਿਆਂ ਬਾਅਦ ਦਿੱਤੀਆਂ ਜਾਣ ਲੱਗੀਆਂ।
ਇੱਕ ਜਨਰਲ ਨੂੰ 400500 ਰੁਪਏ ਦਿੱਤੇ ਜਾਂਦੇ ਸਨ।1725 ਰੁਪਏ ਇੱਕ ਪੈਦਲ ਸੈਨਿਕ ਨੂੰ ਅਤੇ 2226 ਰੁਪਏ ਇੱਕ ਘੋੜ ਸਵਾਰ ਨੂੰ ਹਰ ਮਹੀਨੇ ਦੇ ਹਿਸਾਬ ਤੇ ਘੋੜ ਸਵਾਰ ਨੇ ਘੋੜੇ ਦਾ ਖਰਚ ਵੀ ਇਸੇ ਦੇ ਵਿੱਚੋਂ ਹੀ ਕਰਨਾ ਹੁੰਦਾ ਸੀ।ਯੂਰਪੀ ਅਫਸਰਾਂ ਨੂੰ ਸਭ ਤੋਂ ਵਧ ਤਨਖਾਹਾਂ ਦਿੱਤੀਆਂ ਜਾਂਦੀਆਂ ਸਨ। ਵੇਂਟੂਰਾ ਅਤੇ ਅਲਾਰਡ ਨੂੰ ਪੱਚੀ ਹਜ਼ਾਰ ਰੁਪਏ ਸਾਲਾਨਾ ਅਤੇ ਏਸ ਦੇ ਨਾਲ ਕੁਝ ਹੋਰ ਜਗੀਰਾਂ ਨੂੰ ਦਿੱਤੀਆਂ ਗਈਆਂ ਸਨ।

ਪ49 ਕਿੱਥੇ ਕਿਸ ਚੀਜ਼ ਦੀ ਹਦਾਇਤ  ਜਾਂ ਸਹੂਲਤ ਨਹੀਂ ਸੀ?
ੳ ,ਇੱਥੇ ਰਿਟਾਇਰਮੈਂਟ ਤੇਕਿਸੇ ਵੀ ਤਰ੍ਹਾਂ ਦੀ ਮਾਲੀ ਮਦਦ ਨਹੀਂ ਸੀ ਦਿੱਤੀ ਜਾਂਦੀ ਪਰ ਜੰਗ ਵਿੱਚ ਪੱਕੇ ਤੌਰ ਤੇ ਅਪਾਹਜ ਹੋਣ ਵਾਲੇ ਨੂੰ ਧਰਮੀ ਖ਼ਜ਼ਾਨੇ ਵਿੱਚੋਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਸੀ ਅਤੇ ਜੰਗ ਵਿੱਚ ਸ਼ਹੀਦ ਹੋਣ ਵਾਲੇ ਦੇ ਪਰਿਵਾਰਾਂ ਨੂੰ ਵੀ ਵਿੱਤੀ ਮਦਦ ਦਿੱਤੀ ਜਾਂਦੀ ਸੀ।ਸ਼ਾਂਤੀ ਸਮੇਂ ਅਤੇ ਜੰਗ ਦੇ ਹਿਸਾਬ ਨਾਲ ਖਿਲਤਾਂ ਅਤੇ ਹੋਰ ਮਾਨ ਸਨਮਾਨ ਫੌਜੀਆਂ ਨੂੰ ਦਿੱਤੇ ਜਾਂਦੇ ਸਨ।

ਪ50 ਖਿੜ ਤਾਂ ਕਿੰਨੇ ਪ੍ਰਕਾਰ ਦੀਆਂ ਦਿੱਤੀਆਂ ਜਾਂਦੀਆਂ ਸਨ?
ੳ  ਇੱਥੇ ਤਿੰਨ ਪ੍ਰਕਾਰ ਦੀਆਂ ਖਿੱਲਾਂ ਦਿੱਤੀਆਂ ਜਾਂਦੀਆਂ ਸਨ ।ਜਿਸ ਵਿੱਚ ਕੱਪੜੇ ਗਹਿਣੇ ਅਤੇ ਹਥਿਆਰ ਸ਼ਾਮਲ ਹੁੰਦੇ ਸਨ ਹੋਰ ਫ਼ੌਜੀ ਸਨਮਾਨ ਫ਼ਾਰਸੀ ਵਿੱਚ ਹੁੰਦਾ ਸੀ ।ਜਿਸ ਨੂੰ ਇਨਾਮ ਪ੍ਰਾਪਤ ਕਰਨ ਵਾਲਾ ਆਪਣੇ ਨਾਮ ਦੇ ਅੱਗੇ ਲਾਉਂਦਾ ਸੀ।ਇਨ੍ਹਾਂ ਵਿੱਚੋਂ ਕੁਝ ਨਾਮ ਹਿਜਬਾਰੀ ਜੰਗ, ਜਫਰ ਜੰਗ, ਬਹਾਦਰ ਸ਼ਮਸ਼ਾਨ ਅਦੁੱਓਲਾ, ਸੂਜਾ ਦੁੱਲਾ ਅਤੇ ਤਾਹਰਪੁਰ ਪਨਾਹ।

ਪ51, ਫੌਜੀ ਅਫਸਰ ਇਨ੍ਹਾਂ ਸਨਮਾਨਾਂ ਨੂੰ ਕਿਵੇਂ ਦੇਖਦੇ ਸਨ?
ੳ, ਪ੍ਰਬੰਧਕੀ ਕਾਰਜਾਂ ਦੀ ਰਾਜਾ ਅਤੇ ਦੀਵਾਨ ਦੇ ਸਨਮਾਨ ਦਿੱਤੇ ਜਾਂਦੇ ਸਨ ਪਰ ਜੰਗੀ ਕਾਰਜਾਂ ਵਾਸਤੇ ਸਰਦਾਰ ਸਨਮਾਨ ਸਭ ਤੋਂ ਉੱਤਮ ਮੰਨਿਆ ਜਾਂਦਾ ਸੀ ਸਰਦਾਰ ਗੁਰਮੁੱਖ ਸਿੰਘ ਲੰਬਾ ਨੂੰ ਇੱਜ਼ਤ ਇਹ ਸਰਕਾਰੀ ਸਨਮਾਨ ਦਿੱਤਾ ਗਿਆ ਸੀ ਕਿਉਂਕਿ ਇਹ ਸੂਰਮਾ ਪੰਦਰਾਂ ਵਾਰ ਜ਼ਖ਼ਮੀਂ ਹੋਣ ਤੋਂ ਬਾਅਦ ਵੀ ਜੰਗ ਲੜਦਾ ਰਿਹਾ ਅਤੇ ਕੇਂਦਰੀ ਅਜਾਇਬ ਘਰ ਵਿੱਚ ਇਸ ਦੀ ਪੇਂਟਿੰਗ ਵੀ ਲੱਗੀ ਹੋਈ ਹੈ।

ਪ52ਕੰਵਰ ਨੌਨਿਹਾਲ ਸਿੰਘ ਦਾ ਵਿਆਹ ਕਦੋਂ ਹੋਇਆ?
ੳ  ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਅਖੀਰੀ ਸਾਲ ਵਿੱਚ ਲਗਪਗ ਅਠਾਰਾਂ ਸੌ ਸ਼ਾਂਤੀ ਵਿੱਚ ਕਵਰ ਨਾਲ ਹਾਲ ਸਿੰਘ ਦਾ ਵਿਆਹ ਹੋਇਆ।

ਪ53 ਤਿੰਨ ਵੱਖੋ ਵੱਖ ਜਮਾਤਾਂ ਦਾ ਕੋਕਾਬ-ਵਾਸ ਇਸ ਚੀਜ਼ ਦਾ ਸੂਚਕ ਸੀ।
ੳ.. ਇਹ ਇੱਕ ਤਰ੍ਹਾਂ ਨਾਲ ਸਨਮਾਨ ਚੰਨ ਸੀ ਜੋ ਆਕਾਰ ਅਤੇ ਗੁਣਵੱਤਾ ਦੇ ਹਿਸਾਬ ਨਾਲ ਤਿੰਨ ਕਿਸਮਾਂ ਵਿੱਚ ਵੰਡਿਆ ਗਿਆ ਸੀ ।ਪਹਿਲੀ ਕਿਸਮ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਨਾਲ ਜਾਂ ਉਸ ਦੇ ਖਾਸ ਚਹੇਤੇ ਜਰਨੈਲਾਂ ਨੂੰ ਹੀ ਦਿੱਤਾ ਜਾਂਦਾ ਸੀ। ਇਸ ਵਿੱਚ ਇੱਕ ਵੱਡਾ ਹੀਰਾ ਜੜਿਆ ਹੁੰਦਾ ਸੀ ।ਦੂਸਰੀ ਕਿਸਮ ਦਾ ਸਨਮਾਨ ਜਗੀਰਦਾਰ ਮਿਸਲਦਾਰ ਅਤੇ ਜਰਨੈਲਾਂ ਤੇ ਦੂਤਾਂ ਨੂੰ ਦਿੱਤਾ ਜਾਂਦਾ ਸੀ। ਇਸ ਵਿੱਚ ਜੜੇ ਹੀਰੇ ਦਾ ਆਕਾਰ ਪਹਿਲੇ ਨਾਲੋਂ ਛੋਟਾ ਹੁੰਦਾ ਸੀ ਇਸ ਦੇ ਨਾਲ ਇੱਕ ਮਾਣਕ ਜੜਿਆ ਹੁੰਦਾ ਸੀ।

ਪ54 ਤੀਸਰੇ ਪ੍ਰਕਾਰ ਦਾ ਸਨਮਾਨ ਕਿਸ ਨੂੰ ਦਿੱਤਾ ਜਾਂਦਾ ਸੀ?
ੳ ,,,ਇਸ ਸਨਮਾਨ ਵਿੱਚ ਇੱਕ ਮਾਣਕ ਜੜਿਆ ਹੁੰਦਾ ਸੀ ਇਹ ਫੌਜੀ ਅਫਸਰ ਜਿਵੇਂ ਕਿ ਕਰਨਲ ਮੇਜਰ ਜਾਂ ਕਪਤਾਨ ਨੂੰ ਉਨ੍ਹਾਂ ਦੀ ਬਹਾਦਰੀ ਅਤੇ ਵਫ਼ਾਦਾਰੀ ਇਮਾਨਦਾਰੀ ਅਤੇ ਵਧੀਆ ਸ਼ਾਸਨ ਲਈ ਦਿੱਤਾ ਜਾਂਦਾ ਸੀ ਕੋਕਾ ਬਾਸ ਦੇ ਨਾਲ ਹੋਰ ਖਿੱਲਾਂ ਅਤੇ ਤਖ਼ੱਲੁਸ ਵੀ ਦਿੱਤੇ ਜਾਂਦੇ ਸਨ।

ਪ1 ਸੁਲਤਾਨ ਉਲ ਕੌਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਕਿਵੇਂ ਦਾ ਜਰਨੈਲ ਸੀ?

ੳ ਸੁਲਤਾਨ ਉਲ ਕੌਮ ਨਵਾਬ ਜੱਸਾ ਸਿੰਘ ਆਲੂਵਾਲੀਆ ਇੱਕ ਮਹਾਨ ਸਿੱਖ ਲੀਡਰ ਸੀ ।ਉਸਨੇ ਮਿਸਲਾਂ ਮਿਸਲਾਂ ਦੇ ਸਮੇਂ ਦੌਰਾਨ ਸਿੱਖਾਂ ਦੀ ਕਮਾਂਡ ਸੰਭਾਲੀ।ਉਸ ਨੂੰ ਜਮਹੂਰੀ ਤਰੀਕੇ ਨਾਲ ਸਿੱਖਾਂ ਦਾ ਲੀਡਰ ਚੁਣਿਆ ਗਿਆ 29 ਮਾਰਚ 1748 ਨੂੰ ਵਿਸਾਖੀ ਵਾਲੇ ਦਿਨ ਉਸ ਨੂੰ ਸਿੱਖ ਮਿਸਲਾਂ ਦਾ ਸਰਦਾਰ ਥਾਪਿਆ ਗਿਆ ਜੋ ਕਿ ਅਠਾਰਵੀਂ ਸਦੀ ਦਾ ਮਹਾਨ ਸਿੱਖ ਸਨਮਾਨ ਸੀ।

ਪ2 ਉਸ ਨੂੰ ਕੀ ਸਨਮਾਨ ਦਿੱਤਾ ਗਿਆ ਅਤੇ ਕਿਸ ਜਗ੍ਹਾ ਤੇ ਦਿੱਤਾ ਗਿਆ?
ੳ,, ਨਵਾਬ ਕਪੂਰ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ 1754 ਵਿੱਚ ਅੰਮ੍ਰਿਤਸਰ ਦੀ ਧਰਤੀ ਤੇ ਉਸ ਨੂੰ ਨਵਾਬ ਦਾ ਖਿਤਾਬ ਦਿੱਤਾ ਗਿਆ ।ਸਤਾਰਾਂ ਸੌ ਸੋਲਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਲੈ ਕੇ ਅਠਾਰਾਂ ਸੌ ਇੱਕ ਤੱਕ ਖਾਲਸਾ ਰਾਜ ਦੀ ਸਥਾਪਤੀ ਤੱਕ ਦੇ ਸਮੇਂ ਨੂੰ ਮਿਸਲਾਂ ਦਾ ਸਮਾਂ ਵੀ ਕਿਹਾ ਜਾਂਦਾ ਹੈ। ਨਵਾਬ ਕਪੂਰ ਸਿੰਘ ਬੁੱਢਾ ਦਲ ਦੇ ਚੌਥੇ ਜਥੇਦਾਰ ਵੀ ਸੀ।

ਪ3। ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਕਿਸ ਜਗ੍ਹਾ ਹੋਇਆ?
ੳ,, ਸਤਾਰਾਂ ਸੌ ਅਠਾਰਾਂ ਵਿੱਚ ਮਾਝੇ ਦੇ ਲਾਹੌਰ ਜ਼ਿਲ੍ਹੇ ਦੇ ਆਹਲੂ ਪਿੰਡ ਵਿੱਚ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਹੋਇਆ। ਆਹਲੂ ਪਿੰਡ ਜੱਸਾ ਸਿੰਘ ਦੇ ਵਡੇਰੇ ਸਦਾ ਸਿੰਘ ਨੇ ਵਸਾਇਆ ਜੋ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਪੱਕੇ ਸਿੱਖ ਸਨ ਉਨ੍ਹਾਂ ਦੇ ਵੱਡੇ ਵਡੇਰਿਆਂ ਨੂੰ ਗੁਰੂਆਂ ਪਾਸੋਂ ਜੰਗ ਵਿੱਚ ਬਹਾਦਰੀ ਨਾਲ ਲੜਨ ਖਾਤਰ ਚਾਰ ਪਿੰਡ ਆਹਲੂ ਹਲੋਂ ਤੂਰ ਅਤੇ ਚੱਕ ਇਨਾਮ ਵਜੋਂ ਮਿਲੇ ਸਨ।

ਪ4 ਜੱਸਾ ਸਿੰਘ ਦੇ ਪਿਤਾ ਨੇ ਕਦੋਂ ਅਕਾਲ ਚਲਾਣਾ ਕੀਤਾ?
ੳ,, ਚਾਰ ਸਾਲ ਦੀ ਉਮਰ ਵਿੱਚ ਜੱਸਾ ਸਿੰਘ ਦੇ ਅਕਾਲ ਚਲਾਣਾ ਕਰ ਗਏ ਤੇ ਉਸ ਤੋਂ ਬਾਅਦ ਉਹ ਆਪਣੀ ਮਾਤਾ ਨਾਲ ਦਿੱਲੀ ਵਿਖੇ ਮਾਤਾ ਸੁੰਦਰੀ ਦੀ ਸੰਗਤ ਵਿੱਚ ਚੜ੍ਹੇ ਗਏ। ਉਨ੍ਹਾਂ ਦੀ ਮਾਤਾ ਬਹੁਤ ਵਧੀਆਂ ਕੀਰਤਨ ਕਰਦੇ ਸਨ ਤੇ ਉਨ੍ਹਾਂ ਉੱਪਰ ਮਾਤਾ ਸੁੰਦਰੀ ਜੀ ਵੱਲੋਂ ਬੜੀਆਂ ਬਖ਼ਸ਼ਸ਼ਾਂ ਕੀਤੀਆਂ ਗਈਆਂ । ਮਾਤਾ ਸੁੰਦਰੀ ਜੀ ਵੱਲੋਂ ਭਵਿੱਖਵਣੀ ਕੀਤੀ ਗਈ ਕਿ ਆਉਣ ਵਾਲੇ ਸਮੇਂ ਵਿੱਚ ਜੱਸਾ ਸਿੰਘ ਇੱਕ ਵਧੀਆ ਸ਼ਾਸਕ ਬਣੇਂਗਾ। ਬਾਰਾਂ ਸਾਲ ਦੀ ਉਮਰ ਵਿੱਚ ਉਹ ਆਪਣੀ ਮਾਤਾ ਨਾਲ ਵਾਪਸ ਪੰਜਾਬ ਆ ਗਏ।

ਪ5 ,,ਜੱਸਾ ਸਿੰਘ ਤੇ ਮਾਤਾ ਕਿਸ ਜਗ੍ਹਾ ਆ ਕੇ ਵਸੇ?
ੳ, ਜੱਸਾ ਸਿੰਘ ਆਪਣੀ ਮਾਤਾ ਦੇ ਨਾਲ ਆ ਕੇ ਜਲੰਧਰ ਵਿੱਚ ਵਸੇ ਜੱਸਾ ਸਿੰਘ ਇੱਕ ਬਹੁਤ ਹੀ ਉੱਚ ਦਰਜੇ ਦਾ ਕੀਰਤਨੀਆ ਸੀ ਜੋ ਰਬਾਬ ਨਾਲ ਕੀਰਤਨ ਕਰਦਾ ਸੀ। ਉਹ ਕਪੂਰਥਲਾ ਦੇ ਸ਼ਾਹੀ ਘਰਾਣੇ ਵਿੱਚ ਕੀਰਤਨ ਕਰਨ ਜਾਂਦਾ ਸੀ। ਇੱਕ ਦਿਨ ਉਹ ਆਪਣੀ ਮਾਤਾ ਨਾਲ ਨਵਾਬ ਕਪੂਰ ਸਿੰਘ ਕੋਲ ਕਰਤਾਰਪੁਰ ਵਿਖੇ ਕੀਰਤਨ ਕਰਨ ਆਇਆ।ਨਵਾਬ ਕਪੂਰ ਸਿੰਘ ਉਸ ਦੀ ਕੀਰਤਨ ਕਲਾ ਵੇਖ ਕੇ ਬਹੁਤ ਖੁਸ਼ ਹੋਏ ਤੇ ਉਨ੍ਹਾਂ ਨੂੰ ਇੱਕ ਮਹੀਨਾ ਆਪਣੇ ਕੋਲ ਹੀ ਰੁਕਣ ਲਈ ਕਿਹਾ।

ਪ6 ਜੱਸਾ ਸਿੰਘ ਦੀ ਤਾਕਤ ਦਾ ਅੰਦਾਜ਼ਾ ਕਿਸ ਨੇ ਲਗਾਇਆ?
ੳ,, ਜੱਸਾ ਸਿੰਘ ਦੀ ਤਾਕਤਾਂ ਅੰਦਾਜ਼ ਨਵਾਬ ਕਪੂਰ ਸਿੰਘ ਨੇ ਲਾਇਆ। ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਦੀ ਮਾਤਾ ਅਤੇ ਚਾਚਾ ਨੂੰ ਜੱਸਾ ਸਿੰਘ ਉਨ੍ਹਾਂ ਦੇ ਕੋਲ ਹੀ ਛੱਡ ਜਾਣ ਲਈ ਕਿਹਾ । ਇਥੇ ਇੱਕ ਗੱਲ ਧਿਆਨ ਦੇਣ ਯੋਗ ਹੈ ਕਿ ਜੱਸਾ ਸਿੰਘ ਇੱਕ ਪੱਕਾ ਸਿੱਖ ਸੀ ਜੋ ਗੁਰੂ ਨਾਲ ਜੁੜਿਆ ਹੋਇਆ ਸੀ।ਉਸ ਦਾ ਸੁਭਾਅ ਬਹੁਤ ਹੀ ਨਿਮਰ ਸੀ। ਇਸ ਤੋਂ ਬਾਅਦ ਨਵਾਬ ਕਪੂਰ ਸਿੰਘ ਦੀ ਦੇਖ ਰੇਖ ਹੇਠ ਉਸ ਦੀ ਸਿਖਲਾਈ ਸ਼ੁਰੂ ਹੋਈ।

ਪ7,,ਜੱਸਾ ਸਿੰਘ ਨੇ ਕਿਹੜੇ ਕਿਹੜੇ ਕਾਰਜ ਕੀਤੇ?
ੳ , ਜੱਸਾ ਸਿੰਘ ਸੌਂਪੇ ਗਏ ਹਰ ਕਾਰਜ ਨੂੰ ਬੜੀ ਤਨਦੇਹੀ ਨਾਲ ਨਿਭਾਉਂਦਾ ਸੀ।ਇੱਕ ਵਾਰ ਬਹੁਤ ਹੀ ਹਨੇਰੀ ਰਾਤ ਚ ਭਾਰੀ ਮੀਂਹ ਪੈ ਰਿਹਾ ਸੀ ਨਵਾਬ ਕਪੂਰ ਸਿੰਘ ਇਹ ਦੇਖਣ ਲਈ ਨਿਕਲਿਆ ਕਿ ਕਿਹੜਾ ਕਿਹੜਾ ਦਰਬਾਰੀ ਆਪਣੀ ਡਿਊਟੀ ਨਿਭਾ ਰਿਹਾ ਤਾਂ ਉਸ ਨੂੰ ਜੱਸਾ ਸਿੰਘ ਦੀ ਡਿਊਟੀ ਉੱਪਰ ਖੜ੍ਹਾ ਮਿਲਿਆ।ਇਸੇ ਸਮੇਂ ਦੌਰਾਨ ਜੱਸਾ ਸਿੰਘ ਨੇ ਸ਼ਸਤਰ ਵਿੱਦਿਆ ਸਿੱਖਣੀ ਸ਼ੁਰੂ ਕਰ ਦਿੱਤੀ ਤੇ ਕੋਟ ਸਵਾਰੀ ਵੀ ਕਰਨ ਲੱਗ ਪਿਆ।

ਪ8 ਸਿੱਖ ਫੌਜਾਂ ਕਦੋਂ ਤੱਕ ਵੱਖ ਵੱਖ ਪੈਂਠ ਜਥਿਆਂ ਵਿੱਚ ਵੰਡੀਆਂ ਹੋਈਆਂ ਸਨ?

ਉ,   1745 ਤੱਕ ਸਿੱਖ ਫੌਜਾਂ ਵੱਖ ਵੱਖ 65 ਜਥੇਬੰਦੀਆਂ ਵਿੱਚ ਵੰਡੀਆਂ ਹੋਈਆਂ ਸਨ। ਨਵਾਬ ਕਪੂਰ ਸਿੰਘ ਨੇ ਇਨ੍ਹਾਂ ਜਥਿਆਂ ਨੂੰ ਇਕੱਠਿਆਂ ਕਰਕੇ ਗਿਆਰਾਂ ਵੱਖ ਵੱਖ ਜਥੇ ਬਣਾਏ ਤੇ ਇਨ੍ਹਾਂ ਨੂੰ ਇੱਕ ਲੀਡਰ ਅਤੇ ਇੱਕ ਝੰਡਾ ਦਿੱਤਾ ਗਿਆ ਜੋ ਮਿਸਲਾਂ ਦੇ ਦੇ ਨਾਮ ਨਾਲ ਜਾਣੇ ਜਾਣ ਜਾਂਦੇ ਸਨ ।ਇਹ ਸਾਰੀਆਂ ਮਿਸਲਾਂ ਕੱਠੀਆਂ ਹੋ ਕੇ ਦਲ ਖਾਲਸਾ ਦਾ ਰੂਪ ਧਾਰਨ ਕਰਦੀਆਂ ਹਨ।

ਪ9  ,ਜੱਸਾ ਸਿੰਘ ਆਹਲੂਵਾਲੀਆ ਨੂੰ ਵੀ ਚੁਣਿਆ ਗਿਆ?
ਉ ,,ਜੱਸਾ ਸਿੰਘ ਆਹਲੂਵਾਲੀਆ ਨੂੰ ਸਿੱਖ ਮਿਸਲਾਂ ਦਾ ਕਮਾਂਡਰ ਚੁਣਿਆ ਗਿਆ। ਉਹ ਸਿੱਖ ਮਿਸਲਾਂ ਦੇ ਕਮਾਂਡਰ ਤੋਂ ਇਲਾਵਾ ਆਹਲੂਵਾਲੀਆ ਮਿਸਲ ਦਾ ਮਿਸਲਦਾਰ ਵੀ ਸੀ। ਨਵਾਬ ਕਪੂਰ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ1753 ਉਸ ਨੂੰ ਇਹ ਅਹੁਦਾ ਮਿਲਿਆ  1764 ਵਿੱਚ ਲਾਹੌਰ ਜਿੱਤਣ ਤੋਂ ਬਾਅਦ ਕੌਮ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ ਉਲ ਕੌਮ ਦਾ ਖਿਤਾਬ ਦਿੱਤਾ
ਜੱਸਾ ਸਿੰਘ ਨੇ ਹਰਿਮੰਦਰ ਸਾਹਿਬ ਦੀ ਢੱਠੀ ਹੋਈ ਇਮਾਰਤ ਦੀ ਦੁਬਾਰਾ ਮੁਰੰਮਤ ਕਰਵਾਈ।

ਪ10,, ਅਫਗਾਨਿਸਤਾਨ ਦੇ ਸਿੰਘਾਸਣ ਤੇ ਕੌਣ ਬੈਠਾ?
ਉ,, ਨਾਦਰ ਸ਼ਾਹ ਦੇ ਕਤਲ ਤੋਂ ਬਾਅਦ ਅਹਿਮਦਸ਼ਾਹ ਅਬਦਾਲੀ ਅਫਗਾਨਿਸਤਾਨ ਦੇ ਸਿੰਘਾਸਨ ਤੇ ਬੈਠਾ ਉਸ ਨੇ ਪਸ਼ਤੂਨ ਖੇਡ ਸਾਦੋਜਾਈ ਦੇ ਨਾਮ ਤੇ ਆਪਣਾ ਰਾਜ ਸਥਾਪਤ ਕੀਤਾ ਤੇ 1747 ਤੋਂ 1774 ਤੱਕ ਉਸ ਨੇ ਭਾਰਤ ਉੱਪਰ ਨੌ ਹਮਲੇ ਕੀਤੇ।

ਪ11ਮੁਗ਼ਲ ਪ੍ਰਸ਼ਾਸਨ ਨੂੰ ਕਿਸ ਨੇ ਤਬਾਹ ਕੀਤਾ?
ਉ  ਅਹਿਮਦ ਸ਼ਾਹ ਅਬਦਾਲੀ ਦੇ ਲਗਾਤਾਰ ਨੌਂ ਹਮਲਿਆਂ ਨੇ ਪੰਜਾਬ ਅਤੇ ਉੱਤਰ ਭਾਰਤ ਵਿੱਚ ਮੁਗ਼ਲਾਂ ਦਾ ਪ੍ਰਸ਼ਾਸਨ ਤਬਾਹ ਕਰਕੇ ਰੱਖ ਦਿੱਤਾ। ਪਾਣੀਪਤ ਦੀ ਤੀਸਰੀ ਲੜਾਈ ਵਿੱਚ ਉਸ ਨੇ ਮਰਾਠਿਆਂ ਨੂੰ ਕਰਾਰੀ ਹਾਰ ਦਿੱਤੀ ਤੇ ਪਰ ਇਸ ਤੋਂ ਬਾਅਦ ਉਸ ਨੂੰ ਪੰਜਾਬ ਦਾ ਖਿੱਤਾ ਸਿੱਖਾਂ ਵਾਸਤੇ ਖਾਲੀ ਛੱਡਣਾ ਪਿਆ।

ਪ12 ਛੇਵਾਂ ਅਫਗਾਨੀ ਹਮਲਾ ਕਦੋਂ ਹੋਇਆ?
ਉ,  1762 ਵਿੱਚ ਛੇਵਾਂ ਅਫਗਾਨੀ ਹਮਲਾ ਹੋਇਆ ।ਇਸ ਹਮਲੇ ਵਿੱਚ ਅੰਮ੍ਰਿਤਸਰ  ਅਬਦਾਲੀ ਦਾ ਮੁੱਖ ਨਿਸ਼ਾਨਾ ਸਿੱਖ ਸਨ।ਪੰਜ ਫਰਵਰੀ 1762 ਨੂੰ ਇਸ ਹਮਲੇ ਦੌਰਾਨ ਵੱਡਾ ਘੱਲੂਘਾਰਾ ਵਾਪਰਿਆ ਜਿਸ ਵਿੱਚ ਵੱਡੀ ਗਿਣਤੀ ਸਿੱਖਾਂ ਦਾ ਕਤਲੇਆਮ ਕਰ ਦਿੱਤਾ ਗਿਆ। ਅਫਗਾਨੀ ਜਰਨੈਲ ਨੁਰੂਦੀਨ ਵਾਮੇਜਈ ਦੀ ਸਿੱਖਾਂ ਹੱਥੋਂ ਹੋਈ।ਸ਼ਰਮਨਾਕ ਹਾਰ ਤੋਂ ਬਾਅਦ ਅਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਸਿੱਖਾਂ ਦਾ ਨਵਾਬ ਚੁਣੇ ਜਾਣ ਤੋਂ ਬਾਅਦ ਅਬਦਾਲੀ ਨੇ ਇਹਹਮਲਾ ਸਿੱਖਾਂ ਉੱਪਰ ਕੀਤਾ।

ਪ13 ਭਾਰਤ ਵਿੱਚ ਆਪਣਾ ਦਬਦਬਾ ਬਣਾਏ ਰੱਖਣ ਲਈ ਉਸ ਨੇ ਕੀ ਕੀਤਾ?
ਉ,,  ਉਹ ਵਿੱਚ ਇਸ ਟੀਚੇ ਵਾਸਤੇ ਕੰਧਾਰ ਤੋਂ ਤਿਆਰੀ ਕਰਕੇ ਤੁਰਿਆ ਉਸ ਨੇ ਆਪਣੀ ਸਾਰੀ ਫੌਜ ਸਿੱਖਾਂ ਉੱਪਰ ਹਮਲਾ ਕਰਨ ਲਈ ਇਕੱਠੀ ਕੀਤੀ ਸਿੱਖ ਜਦੋਂ ਸਤਲੁਜ ਲੰਘ ਕੇ ਮਾਲਵਾ ਦੇ ਕਿੱਤੇ ਵਿੱਚ ਸੰਤਾਨਾਂ ਦੇ ਨਾਲ ਵੱਡੀ ਗਿਣਤੀ ਵਿੱਚ ਜੰਗਜੂ ਸਿਪਾਹੀਆਂ ਤੋਂ ਇਲਾਵਾ ਬਜ਼ੁਰਗ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ

ਪ14 ਜਦੋਂ ਸਿੱਖਾਂ ਨੂੰ ਅਚਾਨਕ ਅਹਿਮਦ ਸ਼ਾਹ ਦੇ ਹਮਲੇ ਦਾ ਸਾਹਮਣਾ ਕਰਨਾ ਪਿਆ ਤਾਂ ਉਨ੍ਹਾਂ ਨੇ ਕੀ ਕੀਤਾ
ਉ ਅਮਿਤ ਸ਼ਾਹ ਦੇ ਅਚਾਨਕ ਹੋਏ ਹਮਲੇ ਤੋਂ ਬਾਅਦ ਸਿੱਖਾਂ ਨੇ ਬਜ਼ੁਰਗਾਂ ਅਤੇ ਬੱਚਿਆਂ ਨੂੰ ਸੁਰੱਖਿਆ ਦਿੰਦੇ ਹੋਏ ਜੰਗ ਲੜਨੀ ਸ਼ੁਰੂ ਕੀਤੀ ਉਨ੍ਹਾਂ ਦਾ ਕਾਫ਼ਲਾ ਅੱਗੇ ਵਧਦਾ ਗਿਆ ਪਰ ਉਨ੍ਹਾਂਅਹਿਮਦ ਸ਼ਾਹ ਅਬਦਾਲੀ ਤੋਂ ਇਲਾਵਾ ਮੇਲ ਕੋਟਲਾ ਅਤੇ ਸਰਹੱਦ ਤੇ ਨਵਾਬਾਂ ਦੇ ਤਿੱਖੇ ਹਮਲੇ ਝੱਲਣੇ ਪਏਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਸਰਦਾਰ ਹਰੀ ਸਿੰਘ ਢਿੱਲੋਂ ਦੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਇਨ੍ਹਾਂ ਆਪਣੀ ਫ਼ੌਜ ਨੂੰ ਬੜੇ ਹੌਸਲੇ ਅਤੇ ਬਹਾਦਰੀ ਨਾਲ ਆਪਣੀ ਫੌਜ ਦੀ ਅਗਵਾਈ ਕੀਤੀ ਜੱਸਾ ਸਿੰਘ ਦੇ ਚੋਣ ਫੱਟ ਲੱਗੇ ਪਰ ਫਿਰ ਵੀ ਬਚ ਗਿਆ ਸਰਦਾਰ ਚੜ੍ਹਤ ਸਿੰਘ ਨੇਇੱਕ ਤੋਂ ਬਾਅਦ ਇੱਕ ਪੰਜ ਘੋੜਿਆਂ ਦੀ ਸਵਾਰੀ ਕੀਤੀ।

ਪ15 ਕੀ ਅਹਿਮਦ ਸ਼ਾਹ ਕਾਮਯਾਬ ਹੋ ਸਕਿਆ?
ਉ  ਅਖੀਰ ਅਹਿਮਦ ਸ਼ਾਹ ਅਬਦਾਲੀ ਨੂੰ ਕਾਮਯਾਬੀ ਮਿਲੀ।ਉਸ ਨੇ ਹੁਕਮ ਕੀਤਾ ਕਿ ਮੂਲ ਪੁਸ਼ਾਕ ਪਹਿਨੀ ਹਰ ਇੱਕ ਸਿੱਖ ਨੂੰ ਕਤਲ ਕਰ ਦਿੱਤਾ ਜਾਵੇ ।ਮਲੇਰਕੋਟਲਾ ਅਤੇ ਸਰਹਿੰਦ ਦੀਆਂ ਫੌਜਾਂ ਨੇ ਆਪਣੇ ਸਰੀਰ ਉੱਪਰ ਹਰੇ ਪੱਤੇ ਬੰਨ੍ਹੇ ਹੋਏ ਸਨ ਤਾਂ ਜੋ ਸਿੱਖਾਂ ਤੋਂ ਅਲੱਗ ਦਿਖਣਪੰਜ ਫਰਵਰੀ ਸਤਾਰਾਂ ਸੌ ਬਾਹਠ

ਨੂੰ ਕੁੱਪ ਨਾਮ ਦੇ ਪਿੰਡ ਦੀ ਜਗ੍ਹਾ ਤੇ ਇੱਕੋ ਦਿਨ ਵੀਹ ਹਜ਼ਾਰ ਸਿੱਖਾਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਇਸ ਨੂੰ ਸਿੱਖ ਇਤਿਹਾਸ ਵਿੱਚ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ।

ਪ16 ਇਸ ਜੰਗ ਵਿੱਚ ਜੱਸਾ ਸਿੰਘ ਦੇ ਕਿੰਨੇ ਫ਼ੱਟ ਵੱਜੇ
ੳ ਸਇਸ ਜੰਗ ਵਿੱਚ ਜੱਸਾ ਸਿੰਘ ਦੇ ਬਹੱਤਰ ਤੋਂ ਵੱਧ ਘੱਟ ਵੱਜੇ ਪਰ ਉਹ ਫਿਰ ਵੀ ਜਾਂਦਾ ਰਿਹਾ ਇਸ ਤੋਂ ਇਲਾਵਾ ਉਸ ਦੇ ਸਾਥੀ ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਇੱਕ ਘੋੜੇ ਦੀ ਮੌਤ ਹੋ ਜਾਣ ਤੋਂ ਬਾਅਦ ਇਸ ਤਰ੍ਹਾਂ ਲਗਾਤਾਰ ਪੰਜ ਘੋੜੇ ਬਦਲੇ ਅਤੇ ਜੱਸਾ ਸਿੰਘ ਰਾਮਗੜ੍ਹੀਆ ਦੇ ਸਰੀਰ ਤੇਵੀ ਕਈ ਫੱਟ ਵੱਜੇ ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਜੱਸਾ ਸਿੰਘ ਨੂੰ ਸਿੱਧੀ ਜੰਗਲੀ ਲਲਕਾਰਿਆ ਤਾਂ ਜੱਸਾ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਸਿੱਧੇ ਮੱਥਿਆਂ ਟੱਕਰ ਦਿੱਤੀ ਤੇ ਇਸ ਕੰਮਾਂ ਸਨ ਜੰਗ ਵਿੱਚ ਅਹਿਮਦਸ਼ਾਹ ਅਬਦਾਲੀ ਵਾਲ ਵਾਲ ਬਚਿਆ ਤੇ ਉਸ ਦੇ ਘੋੜੇ ਦੀ ਇਸ ਵਿੱਚ ਮੌਤ ਹੋ ਗਈ

ਪ17 ਕਿਸ ਦੀ ਕਮਾਂਡ ਹੇਠ ਸਿੱਖਾਂ ਨੇ ਸਰਹਿੰਦ ਦੇ ਅਫਗਾਨ ਫੌਜਦਾਰ ਨੂੰ ਹਰਾਇਆ?
ੳ  ਵੱਡੇ ਘੱਲੂਘਾਰੇ ਤੋਂ ਬਾਅਦ ਸਿੱਖਣ ਦੁਬਾਰਾ ਹਥਿਆਰ ਚਕਲੇ ਤੇ ਅੰਮ੍ਰਿਤਸਰ ਦੀ ਜੰਗ ਵਿੱਚ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਂਡ ਹੇਠ ਜੈਨ ਖ਼ਾਂ ਨੂੰ ਹਰ ਨਾਲਗੜ੍ਹ ਦੀ ਜਗ੍ਹਾ ਤੇ ਹਰਾਇਆ ਸਿੱਖਾਂ ਨੇ ਉਸ ਨੂੰ ਕਤਲ ਕਰਨ ਦੀ ਬਜਾਏ ਉਸ ਕੋਲੋਂ ਪੈਸੇ ਵੱਡੀ ਰਕਮ ਵਸੂਲੀ ਜੋ ਉਨ੍ਹਾਂ ਨੇ ਹਰਿਮੰਦਰ ਸਾਹਿਬ ਦੀ ਮੁਰੰਮਤ ਵਾਸਤੇ ਵਰਤੀਇਸਪਰ ਕੁਝ ਹੀ ਸਮੇਂ ਬਾਅਦ ਜੱਸਾ ਸਿੰਘ ਦੇ ਸੈਨਿਕਾਂ ਵੱਲੋਂ ਸਰਹੱਦ ਹਮਲੇ ਦੌਰਾਨ ਜੈਨ ਖਾਨ ਦਾ ਕਤਲ ਕਰ ਦਿੱਤਾ ਗਿਆ।

ਪ18 ਸਿੱਖਾਂ ਨੇ ਦੁਬਾਰਾ ਕਦੋਂ ਤਾਕਤ ਵਿੱਚ ਆ ਕੇ ਦੀਵਾਲੀ ਮਨਾਈ?
ੳ ,, ਪੱਤਝੜ ਦੀ ਰੁੱਤੇ ਸਿੱਖ ਦੁਆਰਾ ਕਤਰ ਹੋ ਕੇ ਦੀਵਾਲੀ ਦੇ ਤਿਉਹਾਰ ਤੇ ਅੰਮ੍ਰਿਤਸਰ ਵਿੱਚ ਵੱਡੀ ਗਿਣਤੀ ਦੇ ਇਕੱਤਰ ਹੋਏ ਅਬਦਾਲੀ ਨੇ ਦੁਆਰਾ ਸਿੱਖਾਂ ਉੱਪਰ ਜਿੱਤਣ ਲਈ ਹਮਲਾ ਕੀਤਾ ਪਰ ਉਹ ਕਾਮਯਾਬ ਨਾ ਹੋ ਸਕਿਆ। ਫਿਰਉਸ ਨੇ ਸਿੱਖਾਂ ਨਾਲ ਸੰਧੀ ਕਰਨੀ ਸ਼ਾਂਤੀ ਦੂਤ ਭੇਜੇ ਪਰ ਸਿੱਖਾਂ ਨੇ ਉਨ੍ਹਾਂ ਦੂਤਾਂ ਨੂੰ ਜ਼ਲੀਲ ਕੀਤਾ ਅਬਦਾਲੀ ਨੇ ਬਿਨਾਂ ਕੋਈ ਸਮਾਂ ਗੁਆਏ ਅੰਮ੍ਰਿਤਸਰ ਨੂੰ ਘੇਰਾ ਘੱਤ ਲਿਆਸਤਾਰਾਂ ਅਕਤੂਬਰ ਸਤਾਰਾਂ ਸੌ ਬਾਹਠ ਵਿੱਚ ਸੂਰਜ ਗ੍ਰਹਿਣਵਾਲੇ ਦਿਨ ਇਹ ਯੁੱਧ ਲੜਿਆ ਗਿਆ।

ਪ19 ,ਇਹ ਯੁੱਧ ਕਦੋਂ ਖਤਮ ਹੋਇਆ?
ੳ,,  ਇਹ ਯੁੱਧਸੂਰਜ ਗ੍ਰਹਿਣ ਵਾਲੇ ਦਿਨ ਮੱਸਿਆ ਦੀ ਰਾਤ ਹੋਣ ਕਰਕੇ ਦੋਵੇਂ ਫ਼ੌਜਾਂ ਦਾ ਮੈਦਾਨ ਤੋਂ ਹਟ ਜਾਣ ਤੋਂ ਬਾਅਦ ਖਤਮ ਹੋਇਆ। ਸਿੱਖ ਵਾਪਸ ਲੱਖੀ ਦੇ ਜੰਗਲਾਂ ਵਿੱਚ ਚਲੇ ਗਏ ਅਤੇ ਅਹਿਮਦਸ਼ਾਹ ਅਬਦਾਲੀ ਲਾਹੌਰ ਵਾਪਸ ਮੁੜ ਗਿਆਇਹ ਪਹਿਲੀ ਪ੍ਰਮੁੱਖ ਜੰਗ ਸੀ ਜਿਸ ਵਿੱਚ ਅਹਿਮਦ ਸ਼ਾਹ ਅਬਦਾਲੀ ਖ਼ੁਦ ਹਿੱਸਾ ਲੈ ਰਿਹਾ ਸੀ।

ਪ20 ਅਹਿਮਦਸ਼ਾਹ ਅਬਦਾਲੀ ਦੀ ਫੌਜ ਵੱਡੀ ਗਿਣਤੀ ਵਿੱਚ ਕਿਸ ਨੇ ਕਾਬੂ ਕੀਤੀ?
ੳ ਜੱਸਾ ਸਿੰਘ ਆਹਲੂਵਾਲੀਆਂ ਨੇ ਅਬਦਾਲੀ ਦੀ ਫੌਜ ਵੱਡੀ ਗਿਣਤੀ ਵਿੱਚ ਕਾਬੂ ਕਰ ਲਈ ਤੇ ਇਨ੍ਹਾਂ ਪਾਪੀ ਹੱਥਾਂ ਤੋਂ ਅੰਮ੍ਰਿਤਸਰ ਸਾਹਿਬ ਦੇ ਸਰੋਵਰ ਦੀ ਸੇਵਾ ਕਰਵਾਈ ਤੇ ਇਸ ਤੋਂ ਬਾਅਦ ਇਨ੍ਹਾਂ ਨੂੰ ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ ਸਿੱਖ ਕੌਮ ਦੇ ਇਸ ਵਤੀਰੇ ਅਤੇ ਉੱਚੇ ਕਿਰਦਾਰ ਨੂੰ ਵੇਖ ਕੇ ਕਈ ਅਫ਼ਗ਼ਾਨ ਸਿੱਖ ਬਣ ਗਏ।

ਪ21 ਅੱਠਵਾਂ ਅਫਗਾਨੀ ਹਮਲਾ ਕਦੋਂ ਹੋਇਆ?
ੳ  ਅੱਠਵਾਂ ਅਫਗਾਨੀ ਹਮਲਾ ਨਵੰਬਰ ਸਤਾਰਾਂ ਸੌ ਛਿਆਹਠ ਵਿੱਚ ਹੋਇਆ ਜਦੋਂ ਅਬਦਾਲੀ ਪੰਜਾਬ ਵਿੱਚਸਿੱਖਾਂ ਨੂੰ ਖਤਮ ਕਰ ਦੇਣਨਹੀਂ ਆਇਆ ਇੱਥੇ ਸਿੱਖਾਂ ਨੇ ਉਸ ਨੂੰ ਜੰਗ ਵਿੱਚ ਚੰਗੇ ਹੱਥ ਵਿਖਾਏ ਸਿੱਖਾਂ ਨੇ ਢਾਈ ਫੁੱਟਚਾਲ ਨਾਲ ਉਸ ਦੀ ਫ਼ੌਜ ਨੂੰ ਹਰਾਇਆਇਨ੍ਹਾਂ ਨੂੰ ਲਾਹੌਰ ਖਾਲੀ ਕਰਨਾ ਪਿਆ ਅਤੇ ਅੰਮ੍ਰਿਤਸਰ ਦੀ ਜਗ੍ਹਾ ਤੇ ਅਫਗਾਨੀ ਜਰਨੈਲ ਜਹਾਨ ਖਾਨ ਨਾਲ ਇੱਕ ਭਿਅੰਕਰ ਯੁੱਧ ਹੋਇਆ। ਜਿਸ ਵਿੱਚ ਅਫ਼ਗਾਨਾਂ ਦੀ ਬੁਰੀ ਹਾਰਅਫ਼ਗਾਨਾਂ ਨੂੰ ਜੰਗ ਦਾ ਮੈਦਾਨ ਛੱਡਣਾ ਪਿਆ ਦੇਸ਼ ਵਿੱਚ ਪੰਜ ਹਜ਼ਾਰ ਅਫ਼ਗਾਨੀ ਮਾਰੇ ਗਏਜੱਸਾ ਸਿੰਘ ਆਹਲੂਵਾਲੀਆ ਆਪਣੇ ਵੀਹ ਹਜ਼ਾਰ ਸਿੱਖ ਸੈਨਿਕਾਂ ਨਾਲ ਅਫ਼ਗਾਨਾਂ ਦੇ ਕੈਂਪਾਂ ਉੱਪਰ ਟੁੱਟ ਕੇ ਪੈ ਗਿਆ ਅਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ।

ਪ22 ਨੌਵਾਂ ਅਤੇ ਆਖਰੀ ਹਮਲਾ ਕਦੋਂ ਹੋਇਆ

ਉ  ਅਬਦਾਲੀ ਦਾ ਆਖਰੀ ਹਮਲਾ 1769 ਵਿੱਚ ਹੋਇਆ ਉਸ ਤੋਂ ਬਾਅਦ ਜੱਸਾ ਸਿੰਘ ਨੇ ਕਪੂਰੇ ਨੂੰ ਸਿਤਾਰਾਂ ਸੁੱਚਤਾ ਵਿੱਚ ਓਬਰਾ ਭੱਟੀ ਤੋਂ ਜਿੱਤ ਲਿਆ ਤੇਇੱਥੇ ਆਪਣਾ ਹੈੱਡਕੁਆਰਟਰ ਬਣਾਇਆ ਜੱਸਾ ਸਿੰਘ ਦੀ ਮੌਤ ਸਤਾਰਾਂ ਸੌ ਤ ਰਿਆਸੀ ਵਿੱਚ ਅੰਮ੍ਰਿਤਸਰ ਵਿਖੇ ਹੋਈਸੰਤਾਨ ਨਾ ਹੋਣ ਕਰਕੇ ਸਰਦਾਰ ਭਾਗ ਸਿੰਘ ਆਹਲੂਵਾਲੀਆ ਜੱਸਾ ਸਿੰਘ ਦਾਵਾਲੀ ਵਾਰਸ ਬਣਿਆ ਜਿਸ ਦਾ ਪੁੱਤਰ ਫਤਿਹ ਸਿੰਘ ਰਣਜੀਤ ਸਿੰਘ ਦਾ ਕਰੀਬੀ ਸੀ। ਹੋਰ ਮਿਸਲਦਾਰਾਂ ਦੀ ਤਰ੍ਹਾਂ ਜੱਸਾ ਸਿੰਘ ਨੇ ਕਟੜਾ ਆਹਲੂਵਾਲੀਆ ਦੇ ਨਾਮ ਤੇ ਆਪਣੀ ਮਿਸਲ ਦਾ ਕੱਟੜਾ ਸਥਾਪਿਤ ਕੀਤਾ ਅਤੇ ਉਸ ਨੇ ਅੰਮ੍ਰਿਤਸਰ ਸਾਹਿਬ ਦੀ ਰੱਖਿਆ ਲਈ ਇਸ ਦੀ ਕਿਲੇਬੰਦੀ ਕੀਤੀ।

ਪ23 ਉਸ ਦਾ ਕਿਲ੍ਹਾ ਅਤੇ ਰਿਹਾਇਸ਼ ਕਿਸ ਨਾਮ ਨਾਲ ਜਾਣੇ ਜਾਂਦੇ ਹਨ?
ਉ , ਉਸ ਦਾ ਕਿਲਾ ਅਤੇ ਰਿਹਾਇਸ਼ ਕਿਲ੍ਹਾ ਆਹਲੂਵਾਲੀਆ ਦੇ ਨਾਮ ਨਾਲ ਜਾਣੇ ਜਾਂਦੇ ਹਨ ਜੋ ਬਦਕਿਸਮਤੀ ਨਾਲ ਅੱਜ ਖੰਡਰ ਦਾ ਰੂਪ ਧਾਰਨ ਕਰ ਚੁੱਕੇ ਹਨ ਉਸ ਨੇ ਆਪਣੀ ਜ਼ਿੰਦਗੀ ਦਾ ਆਖਰੀ ਸਮਾਂ ਅੰਮ੍ਰਿਤਸਰ ਸ਼ਹਿਰ ਦੀ ਨਵ ਉਸਾਰੀ ਅਤੇ ਗੁਰਦੁਆਰਾ ਪ੍ਰਬੰਧਾਂ ਦਾ ਸੁਧਾਰ ਅਤੇ ਅੰਮ੍ਰਿਤਸਰ ਸ਼ਹਿਰ ਦੇ ਵਿਕਾਸ ਵਿੱਚ ਗੁਜ਼ਾਰਿਆ । ਸਿੱਖ ਕੌਮ ਦੀ ਅਥਾਹ ਸੇਵਾ ਕਰਕੇ ਅਕਾਲ ਚਲਾਣੇ ਤੋਂ ਬਾਅਦ ਉਸ ਦਾ ਅੰਤਿਮ ਸੰਸਕਾਰ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਦੀ ਹਦੂਦ ਅੰਦਰ ਕੀਤਾ ਗਿਆ ਜੋ ਸਿੱਖ ਧਰਮ ਵਿੱਚ ਇੱਕ ਵੱਡਾ ਸਤਿਕਾਰ ਮੰਨਿਆ ਜਾਂਦਾ ਹੈ ਤੇ ਉਸ ਦੀ ਯਾਦ ਵਿੱਚ ਬਾਬਾ ਜੱਸਾ ਸਿੰਘ ਆਹਲੂਵਾਲੀਆ ਨਾਮ ਦੇ ਭਾਰਤ ਸਰਕਾਰ ਵੱਲੋਂ ਉੱਨੀ ਸੌ ਪਚਾਸੀ ਵਿੱਚ ਇੱਕ ਡਾਕ ਟਿਕਟ ਜਾਰੀ ਕੀਤੀ ਗਈ।ਸੁਲਤਾਨ ਉਲ ਕੌਮ ਨਵਾਬ ਜੱਸਾ ਸਿੰਘ 'ਗੁਰੂ ਕਾ ਲਾਲ' ਨਾਂ ਵਜੋਂ ਵੀ ਮਸ਼ਹੂਰ ਸੀ।ਉਨ੍ਹਾਂ ਤੋਂ ਬਾਅਦ ਅਕਾਲੀ ਨਿਹੰਗ ਬਾਬਾ ਨੈਣਾ ਸਿੰਘ ਜੀ ਬੁੱਢਾ ਦਲ ਦੇ ਜਥੇਦਾਰ ਬਣੇ।

ਪ24 ਸੁਲਤਾਨ ਉਲ ਕੌਮ ਜੱਸਾ ਸਿੰਘ ਆਹਲੂਵਾਲੀਆ ਨੇ ਕਦੋਂ ਅਕਾਲ ਚਲਾਣਾ ਕੀਤਾ?
ਉ , ਸੁਲਾ ਸੁਲਤਾਨ ਉਲ ਕੌਮ ਜੱਸਾ ਸਿੰਘ ਆਹਲੂਵਾਲੀਆ ਨੇ 1883 ਵਿੱਚ ਚੜਾਈ ਕੀਤੀ । ਉਨ੍ਹਾਂ ਦੀ ਮੌਤ ਤੋਂ ਬਾਅਦ ਹੀ ਸਿੱਖਾਂ ਨੇ ਦਿੱਲੀ ਵੱਲ ਮਾਰਚ ਕੀਤਾ ਤੇ ਲਾਲ ਕਿਲੇ ਉੱਪਰ ਕਬਜ਼ਾ ਕਰਕੇ ਮੁਗਲ ਝੰਡਾ ਉਤਾਰ ਕੇ ਨਿਸ਼ਾਨ ਸਾਹਿਬ ਝੁਲਾ ਦਿੱਤਾ ਪਰ ਇਸੇ ਹੀ ਸਮੇਂ ਮਿਸਲਾਂ ਇੱਕ ਦੂਜੇ ਨਾਲ ਜੰਗਾਂ ਵਿੱਚ ਉਲਝ ਗਈਆਂ।1783 ਤੋਂ 1799 ਤੱਕ ਸਿੱਖਾਂ ਦੀ ਤਾਕਤ ਵਿੱਚ ਕਾਫ਼ੀ ਕਮੀ ਆਈ ਤੇ ਜਮਾਨ ਸ਼ਾਹ ਜੋ ਅਫਗਾਨਿਸਤਾਨ ਦਾ ਸ਼ਾਸਕ ਸੀ ਉਸ ਨੇ ਸਿੱਖਾਂ ਉੱਪਰ ਹਮਲਾ ਕਰਕੇ 1798 ਵਿੱਚ ਲਾਹੌਰ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ।

ਪ25 ਰਣਜੀਤ ਸਿੰਘ ਕੌਣ ਸੀ?
ਉ  ਰਣਜੀਤ ਸਿੰਘ ਇੱਕ ਨੌਜਵਾਨ ਸਿੱਖ ਜਰਨੈਲ ਸੀ ਜਿਸ ਨੇ ਗੁਜਰਾਂਵਾਲਾ ਤੋਂ ਚੜ੍ਹਾਈ ਕਰਕੇ ਲਾਹੌਰ ਉਪਰ ਕਬਜਾ ਕਰ ਲਿਆ ।ਜਮਾਨ ਸ਼ਾਹ ਨੇ  ਬਿਨਾਂ ਲੜਾਈ ਕੀਤਿਆਂ ਅਫਗਾਨ ਅਫਗਾਨਿਸਤਾਨ ਨੂੰ ਭੱਜਣਾ ਹੀ ਬਿਹਤਰ ਸਮਝਿਆ ਸਤਾਰਾਂ ਸੌ ਨੜਿਨਵੇਂ ਤੋਂ ਅਠਾਰਾਂ ਸੌ ਉਨਤਾਲੀ ਤੱਕ ਰਣਜੀਤ ਸਿੰਘ ਦੀ ਕਮਾਨ ਹੇਠ ਸਿੱਖ ਰਾਜ ਦੁਬਾਰਾ ਤੋਂ ਸਥਾਪਤ ਹੋਇਆ।ਰਣਜੀਤ ਸਿੰਘ ਨੇ 1801 ਤੋਂ 1834 ਕਿ ਤੱਕ ਸਿੱਖ ਰਾਜ ਦੀ ਕਮਾਂਡ ਸੰਭਾਲੀ ਤੇ ਏਸ਼ੀਆ ਦਾ ਸਭ ਤੋਂ ਤਾਕਤਵਰ ਕੌਮ ਬਣ ਕੇ ਉੱਭਰੇ।ਇਸ ਰਾਜ ਦੀਆਂ ਹੱਦਾਂ ਅੰਦਰ ਖੈਬਰ ਸਿੰਧ ਕਸ਼ਮੀਰ ਤੇ ਤਿੱਬਤ ਤੇ ਹਜ਼ਾਰਾਂ ਰਾਜਾਂ ਨਾਲ ਜਾਂ ਲੱਗਦੀਆਂ ਸਨ ਪਰ ਉੱਨੀ ਠਾਰਾਂ ਸੌ ਛਿਆਲੀ ਵਿੱਚ ਸਿੱਖ ਤਾਕਤ ਘਟਣੀ ਸ਼ੁਰੂ ਹੋ ਗਈ ।ਸਿੱਖਾਂ ਵਿੱਚ ਆਪਸ ਵਿੱਚ ਹੀ ਮਾਰ ਧਾੜ ਮੱਚ ਗਈ ਤੇ ਸਿੱਖਾਂ ਨੂੰ ਅੰਗਰੇਜ਼ਾਂ ਕੋਲੋਂ ਕਾਫੀ ਹਾਰਾਂ ਖਾਣੀਆਂ ਪਈਆਂ ਇਸ ਤੋਂ ਬਾਅਦ ਅੰਗਰੇਜ਼ਾਂ ਨੇ ਸਿੱਖਾਂ ਦੇ ਹਥਿਆਰ ਖਜ਼ਾਨਾ ਅਤੇ ਇਲਾਕੇ ਲੁੱਟ ਲਏ। 1849 ਵਿੱਚ ਸਿੱਖ ਰਾਜ ਦਾ ਅੰਤ ਹੋ ਗਿਆ ਤੇ ਉਹ ਬਰਤਾਨਵੀ ਰਾਜ ਵਿੱਚ ਸ਼ਾਮਲ ਕਰ ਲਿਆ ਗਿਆ।।